AL-WASIYYAH

# ਅਲ ਵਸੀਯੱਤ



ਲੇਖਕ
ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਅਲੈਹਿ ਸਲਾਮ
ਬਾਨੀ ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਤ

# ABOUT THIS BOOK

This Book is originally written in Urdu by Hadhrat Mirza Ghulam Ahmad (May peace be upon him) Promised Messiah and Mahdi, the Holy Founder of Ahmadiyya Movement in Islam. This book contains the Testamentary Directions of the Promised Messiah. His Holiness exhorts the members of the community to lead a pious life by submitting to the will of Allah, the Almighty. His Holiness explains the purpose behind the establishment of "Bahishti Maqbara' (Heavenly Graveyard) at Qadian, Punjab, India. His Holiness has laid down the conditions to become eligible to get buried in 'Bahishti Maqbara'.

The book is Translated into Punjabi by Gyani Shamshad Ahmad Eden.

# ਅਲ ਵਸੀਯਤ

الوصیّت

ਲੇਖਕ
ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਅਲੈਹਿ ਸਲਾਮ
ਬਾਨੀ ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਤ

# الوصیّت

تصنیف لطیف: حضرت مرزا غلام احمد قادیانی مسیح موعود علیہ السلام

# ਅਲਵਸੀਯਤ

ਲੇਖਕ :

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਅਲੈਹਿ ਸਲਾਮ

ਬਾਨੀ ਵਿਸ਼ਵਵਿਆਪੀ ਅਹਮਦੀਆ ਮੁਸਲਿਮ ਜਮਾਤ

ਅਨੁਵਾਦਕ : ਗਿਆਨੀ ਸ਼ਮਸ਼ਾਦ ਅਹਮਦ ਅਦਨ

ਪ੍ਰਕਾਸ਼ਕ : ਨਜ਼ਾਰਤ ਨਸ਼ਰੋ ਇਸ਼ਾਅਤ

ਸਦਰ ਅਜੁੰਮਨ ਅਹਮਦੀਆ ਕਾਦੀਆਂ-143516,

ਜ਼ਿਲਾ ਗੁਰਦਾਸਪੁਰ, ਪੰਜਾਬ, ਭਾਰਤ

ਸੰਸਕਰਣ ਪਹਿਲਾ : ਜਨਵਰੀ 2017

ਗਿਣਤੀ : 500

ਛਾਪਕ : ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ

Name of Book : AL-WASIYYAT

(Punjabi Translation)

Translated By : GiyaniShamshad Ahmad eden

Published By : Nazarat Nashro Ishaat

Sadr Anjuman Ahmadiyya Qadian-143516

District-Gurdaspur, Punjab (INDIA)

Eddition First : JAN. 2017

Copies : 500

Printed At : Fazle Umar Printing Press Qadian

# ਵਹੀਉਲੱਾਹ

# (ਅਲੱਾਹ ਦੀ ਬਾਣੀ)

**ਦੁਨੀਆ ਵਿੱਚ ਇਕ ਨਜ਼ੀਰ ਆਇਆ, ਪਰ ਦੁਨੀਆ ਨੇ ਉਸਨੂੰ ਕਬੂਲ ਨ ਕੀਤਾ, ਪਰੰਤੂ ਰੱਬ ਉਸ ਨੂੰ ਕਬੂਲ ਕਰੇਗਾ ਅਤੇ ਵੱਡੇ ਪ੍ਰਵੇਗ ਨਾਲ ਉਸਦੀ ਸਚੱਾਈ ਪ੍ਰਗਟ ਕਰ ਦੇਵੇਗਾ ।**

## ਇਹ ਪਤ੍ਰਿਕਾ ਜਿਸਦਾ ਨਾਂ ਹੈ

# ਅਲ ਵਸੀਯਤ

## ਪਵਿੱਤਰ ਕਲਾਮ

## ਹਜ਼ਰਤ ਹੁਜੱਾਤੁਲੱਾ ਮਸੀਹ ਮੌਊਦ ਵ ਮਹਦੀ ਮਾਹੂਦ ਮਿਰਜ਼ਾ ਗ਼ੁਲਾਮ ਅਹਮਦ ਅਲੈਹਿ ਸਲਾਮ ਕਾਦੀਆਨੀ

ਚੌਧਰੀ ਅਲਹਦਾਦ ਮੈਗ਼ਜ਼ੀਨ ਪ੍ਰੇਸ ਦੀ ਪ੍ਰਬੰਧਕੀ ਵਿੱਚ
ਹਜ਼ਰਤ ਅਕਦਸ ਅਲੈਹਿ ਸਲਾਮ ਦੀ ਅਗਿਆ ਅਨੁਸਾਰ
24 ਦਸੰਬਰ 1905 ਈ. ਨੂੰ ਪ੍ਰਕਾਸ਼ਤ ਹੋਇਆ ।

بِسۡمِ اللّٰہِ الرَّحۡمٰنِ الرَّحِیۡمِ

ਬਿਸਮਿਲੱਾਹ ਹਿਰੱਹਮਾਨਿਰੱਹੀਮ

نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ

ਨਹਮੁਦੁਹੂ ਵ ਨੁਸੱਲੀ ਅਲਾ ਰਸੂਲਿਹਿਲ ਕਰੀਮ

اَلۡحَمۡدُ لِلّٰہِ رَبِّ الۡعٰلَمِیۡنَ۔ وَالصَّلٰوۃُ وَالسَّلَامُ عَلٰی رَسُوۡلِہٖ مُحَمَّدٍ وَّ اٰلِہٖ وَ اَصۡحَابِہٖ اَجۡمَعِیۡنَ

ਅਲਹਮਦੁਲਿਲੱਾਹੇ ਰਬਿੱਲ ਆਲਾਮੀਨ, ਵਸੱਲਾਤੋ ਵਸੱਲਾਮੋ ਅਲਾ ਰਸੂਲੇਹੀ ਮੁਹਮੱਾਦਿੰਵ ਵ ਆਲੇਹੀ ਵ ਅਸਹਾਬਿਹੀ ਅਜਮਾਈਨ

ਕਿਉਂਕਿ ਸਰਬ ਵਿਆਪਕ, ਸਰਬ ਸਮੱਾਨ ਜਨਕ ਅਤੇ ਸਰਬ ਪ੍ਰਤਿਸ਼ਠਾਮਾਨ ਅਲੱਾਹ ਨੇ ਨਿਰੰਤਰ ਵਹੀ (ਅਕਾਸ਼ਵਾਣੀ, ਇਲਾਹੀ ਕਲਾਮ) ਰਾਹੀਂ ਮੈਨੂੰ ਖ਼ਬਰ ਦਿੱਤੀ ਹੈ ਕਿ ਮੇਰੀ ਮੌਤ ਦੀ ਘੜੀ ਨੇੜੇ ਹੈ ਅਤੇ ਇਸ ਬਾਰੇ ਉਸ ਦੀ ਵਹੀ ਇੰਨੀ ਤੀਬਰਤਾ ਤੇ ਨਿਰੰਤਰਤਾ ਨਾਲ ਹੋਈ ਕਿ ਮੇਰੀ ਹਸਤੀ ਦੀਆਂ ਨੀਹਾਂ ਨੂੰ ਹਲੂਣ ਦਿਤੱਾ, ਅਤੇ ਇਸ ਜੀਵਨ ਨੂੰ ਮੇਰੇ 'ਤੇ ਠੰਢਾ ਕਰ ਦਿਤੱਾ । ਇਸ ਲਈ ਮੈਂ ਉਚਿਤ ਸਮਝਿਆ ਕਿ ਆਪਣੇ ਸਜੱਣਾ ਅਤੇ ਲੋਕਾਂ ਲਈ ਜੋ ਮੇਰੇ ਕਲਾਮ ਦਾ ਲਾਭ ਉਠਾਉਣਾ ਚਾਹੁਣ ਕੁਝ ਜ਼ਰੂਰੀ ਉਪਦੇਸ਼ ਲਿਖਾਂ । ਇਸ ਲਈ ਸਭ ਤੋਂ ਪਹਿਲਾਂ ਮੈਂ ਉਸ ਪਵਿਤੱਰ ਵਹੀ ਦੀ ਸੂਚਨਾ ਦੇਂਦਾ ਹਾਂ ਜਿਸਨੇ ਮੇਰੀ ਮੌਤ ਦੀ ਖ਼ਬਰ ਦੇਕੇ ਮੇਰੇ ਲਈ ਪ੍ਰੇਰਨਾ ਉਤਪੰਨ ਕੀਤੀ । ਉਹ ਇਹ ਹੈ ਜੋ ਅਰਬੀ ਭਾਸ਼ਾ ਵਿੱਚ ਹੋਈ ਅਤੇ ਮਗਰੋਂ ਉਰਦੂ ਵਿੱਚ ਹੋਈ ਵਹੀ ਵੀ ਲਿਖੀ ਜਾਵੇਗੀ ।

قَرُبَ اَجَلُكَ الۡمُقَدَّرُ ۔ وَلَا نُبۡقِیۡ لَكَ مِنَ الۡمُخۡزِیَاتِ ذِکۡرًا ۔ قَلَّ مِیۡعَادُ رَبِّكَ ۔ وَلَا نُبۡقِیۡ لَكَ مِنَ الۡمُخۡزِیَاتِ شَیۡئًا ۔ وَاِمَّا نُرِیَنَّكَ بَعۡضَ الَّذِیۡ نَعِدُهُمۡ اَوۡ نَتَوَفَّیَنَّكَ تَمُوۡتُ وَاَنَا رَاضٍ مِّنۡكَ ۔ جَاءَ وَقۡتُكَ وَنُبۡقِیۡ لَكَ الۡاٰیَاتِ بَاهِرَاتٍ ۔ جَاءَ وَقۡتُكَ وَنُبۡقِیۡ لَكَ الۡاٰیَاتِ بَیِّنَاتٍ ۔ قَرُبَ مَا تُوۡعَدُوۡنَ ۔ وَاَمَّا بِنِعۡمَةِ رَبِّكَ فَحَدِّثۡ ۔ اِنَّهٗ مَنۡ یَّتَّقِ اللّٰهَ وَیَصۡبِرۡ فَاِنَّ اللّٰهَ لَا یُضِیۡعُ اَجۡرَ الۡمُحۡسِنِیۡنَ ۔

ਕਾਰੁਬਾ ਅਜਾਲੁਕਲ ਮੁਕਦੱਰੁ, ਵਲਾ ਨੁਬਕੀ ਲਕਾ ਮਿਨਲ ਮੁਖ਼ਜ਼ਿਯਾਤਿ ਜ਼ਿਕਰਾ, ਕਲੱਾ ਮਿਆਦੁ ਰੱਬਿਕਾ, ਵਲਾ ਨੁਬਕੀ ਲਕਾ ਮਿਨਲ ਮੁਖ਼ਜ਼ਿਯਾਤਿ ਸ਼ੈਆ, ਵ ਇਮੱਾ ਨੁਰਿਯਨੱਾਕਾ ਬਾਅਜ਼ਲੱਜ਼ੀ ਨਇਦੁਹੁਮ ਓ ਨਤਾ ਵੱਫ਼ਾਯਨੱਾਕਾ ਤਮੂਤੁ ਵ ਅਨਾ ਰਾਜ਼ਿੰਮ ਮਿਨਕਾ, ਜਾਆ ਵਕਤੁਕਾ ਵ ਨੁਬਕੀ ਲਕਲ ਆਯਾਤਿ ਬਾਹਿਰਾਤਿਨ, ਜਾਆ ਵਕਤੁਕਾ ਵ ਨੁਬਕੀ ਲਕਲ ਆਯਾਤਿ ਬੱਯਿਨਾਤਿ, ਕਾਰੁਬਾ ਮਾ ਤੂਆਦੂਨ । ਵ ਅਮੱਾ ਬਿਨੇਅਮਤਿ ਰੱਬਿਕਾ ਫ਼ਹੱਦਿਸ, ਇਨੱਾਹੂ ਮੰਯ ਯਤੱਾਕਿਲੱਾਹਾ ਵ ਯਸਬਿਰ ਫ਼ ਇਨੱਲਾਹਾ ਲਾ ਯੁਜ਼ੀਓ ਅਜਰਲ ਮੁਹਸੇਨੀਨ ।

**ਅਰਥ:–** ਤੇਰੇ ਅਜਲ (ਮੌਤ) ਦੀ ਘੜੀ ਨੇੜੇ ਆ ਗਈ ਹੈ, ਅਸੀਂ ਤੇਰੇ ਬਾਰੇ ਅਜਿਹੀਆਂ ਗਲੱਾਂ ਦਾ ਨਾਂ ਨਿਸ਼ਾਨ ਨਹੀਂ ਛਡੱਾਂਗੇ ਜੋ ਤੇਰੇ ਅਪਮਾਨ ਦਾ ਸਬਬ ਬਣਨ । ਤੇਰੇ ਬਾਰੇ ਰੱਬ ਵੱਲੋਂ ਨਿਰਧਾਰਤ ਸਮਾਂ ਥੋੜਾ ਰਹਿ ਗਿਆ ਹੈ । ਅਸੀਂ ਅਜਿਹੇ ਸਾਰੇ ਆਰੋਪ ਦੂਰ ਅਤੇ ਪਰ੍ਹੇ ਕਰ ਦਿਆਂਗੇ ਅਤੇ ਕੁਝ ਵੀ ਉਹਨਾਂ 'ਚੋਂ ਬਾਕੀ ਨਹੀਂ ਰਹਿਣ ਦਿਆਂਗੇ ਜਿਨ੍ਹਾ ਦੇ ਵਰਨਣ ਨਾਲ ਤੇਰਾ ਅਪਮਾਨ ਹੁੰਦਾ ਹੋਵੇ । ਅਤੇ ਅਸੀਂ ਇਸ ਗਲ 'ਤੇ ਕਾਦਰ (ਸਮਰਥ) ਹਾਂ ਕਿ ਜੋ ਕੁਝ ਵਿਰੋਧੀਆਂ ਬਾਰੇ ਸਾਡੀਆਂ ਭਵਿੱਖਬਾਣੀਆਂ ਹਨ ਉਹਨਾਂ ਵਿੱਚੋਂ ਕੁਝ ਤੈਨੂੰ ਦਿਖਾ ਦੇਈਏ ਜਾਂ ਤੈਨੂੰ ਮੌਤ ਦੇ ਦੇਈਏ । ਤੂੰ ਅਜਿਹੀ ਅਵਸਥਾ ਵਿੱਚ ਮੌਤ ਨੂੰ ਪ੍ਰਾਪਤ ਹੋਵੇਂਗਾ ਕਿ ਮੈਂ ਤੈਥੋਂ ਰਾਜ਼ੀ (ਸੰਤੁਸ਼ਟ) ਹੋਵਾਂਗਾ । ਅਸੀਂ ਖੁੱਲੇ ਤੇ ਸਪਸ਼ਟ ਚਮਤਕਾਰ ਤੇਰੀ ਸਚੱਾਈ ਲਈ ਹਮੇਸ਼ਾ ਮੌਜੂਦ ਰਖੱਾਂਗੇ, ਜੋ ਬਚਨ ਦਿੱਤਾ ਗਿਆ ਉਹ ਨਿਕਟ ਹੈ। ਆਪਣੇ ਰੱਬ ਦੇ ਪੁਰਸਕਾਰ ਦਾ ਜੋ ਤੇਰੇ ਉੱਤੇ ਹੋਇਆ, ਲੋਕਾਂ ਸਾਹਮਣੇ ਵਰਨਣ ਕਰ । ਜੋ ਮਨੁੱਖ ਸੰਜਮਤਾ ਧਾਰਨ ਕਰੇ ਅਤੇ ਸਬਰ (ਹੌਂਸਲਾ, ਧੀਰਜ) ਕਰੇ ਰੱਬ ਅਜਿਹੇ ਨੇਕ ਲੋਕਾਂ ਦਾ ਫਲ ਕਦੇ ਨਸ਼ਟ ਨਹੀਂ ਕਰਦਾ ।

ਇਸ ਥਾਂ ਇਹ ਚੇਤੇ ਰਹੇ ਕਿ ਰੱਬ ਦਾ ਇਹ ਫ਼ਰਮਉਣਾ ਕਿ ਅਸੀਂ ਤੇਰੇ ਬਾਰੇ ਅਜਿਹੇ ਵਰਨਣ ਬਾਕੀ ਨਹੀਂ ਛਡਾਂਗੇ ਜੋ ਤੇਰੇ ਅਪਮਾਨ ਅਤੇ ਨਿਰਾਦਰੀ ਦਾ ਸਬਬ ਹੋਣ । ਇਸ ਵਾਕ ਦੇ ਦੋ ਅਰਥ ਹਨ । (1) ਪਹਿਲਾ ਇਹ ਕਿ

ਅਜਿਹੇ ਆਰੋਪਾਂ ਨੂੰ ਜੋ ਅਪਮਾਨ ਕਰਨ ਦੀ ਨੀਯੱਤ ਨਾਲ ਪ੍ਰਕਾਸ਼ਤ ਕੀਤੇ ਜਾਂਦੇ ਹਨ, ਅਸੀਂ ਦੂਰ ਕਰ ਦਿਆਂਗੇ ਅਤੇ ਉਹਨਾਂ ਅਰੋਪਾਂ ਦਾ ਨਾਂ ਨਿਸ਼ਾਨ ਵੀ ਨਹੀਂ ਰਹੇਗਾ । (2) ਦੂਜੇ ਇਹ ਕਿ ਅਜਿਹੇ ਸ਼ਿਕਾਇਤਾਂ ਕਰਨ ਵਾਲਿਆਂ ਨੂੰ ਜੋ ਆਪਣੀ ਸ਼ਰਾਰਤਾਂ ਨੂੰ ਨਹੀਂ ਛਡੱਦੇ ਅਤੇ ਕੁਬੋਲਾਂ ਤੋਂ ਨਹੀਂ ਮੁੜਦੇ ਦੁਨੀਆਂ 'ਚੋਂ ਚੁੱਕ ਲਵਾਂਗੇ ਅਤੇ ਉਸ ਦਾ ਜੀਵਨ ਸਫ਼ਾਏ-ਹਸਤੀ ਤੋਂ ਮਿਟਾ ਦਿਆਂਗੇ । ਤੱਦ ਉਹ ਉਹਨਾਂ ਦੇ ਢਹਿ ਜਾਣ ਕਰਕੇ ਉਹਨਾਂ ਦੇ ਬੇਹੂਦਾ ਆਰੋਪ ਵੀ ਨਾਬੂਦ (ਨਸ਼ਟ) ਹੋ ਜਾਣਗੇ ।

ਇਸ ਮਗਰੋਂ ਖ਼ੁਦਾ ਤਆਲਾ ਨੇ ਮੇਰੀ ਮੌਤ ਬਾਰੇ ਉਰਦੂ ਭਾਸ਼ਾ ਵਿੱਚ ਹੇਠ ਲਿਖੇ ਕਲਾਮ ਰਾਹੀਂ ਮੈਨੂੰ ਸੰਬੋਧਨ ਕਰਦਿਆਂ ਹੋਇਆਂ ਫ਼ਰਮਾਇਆ :-

"ਬਹੁਤ ਥੋੜੇ ਦਿਨ ਰਹਿ ਗਏ ਹਨ । ਉਸ ਦਿਨ ਸਾਰਿਆਂ 'ਤੇ ਉਦਾਸੀ ਛਾ ਜਾਇਗੀ, ਇਹ ਹੋਵੇਗਾ, ਇਹ ਹੋਵੇਗਾ, ਇਹ ਹੋਵੇਗਾ । ਮਗਰੋਂ ਇਸ ਦੇ ਤੁਹਾਡੀ ਘਟਨਾ ਵਾਪਰੇਗੀ । ਸਾਰੀਆਂ ਘਟਨਾਵਾਂ ਅਤੇ ਕੁਦਰਤੀ ਚਮਤਕਾਰ ਦਿਖਾਉਣ ਮਗਰੋਂ ਤੁਹਾਡੀ ਘਟਨਾ ਵਾਪਰੇਗੀ ।"

ਘਟਨਾਵਾਂ ਬਾਰੇ ਮਨੂੰ ਜੋ ਗਿਆਨ ਦਿੱਤਾ ਗਿਆ ਹੈ, ਉਹ ਇਹੋ ਹੈ ਕਿ ਹਰ ਇਕ ਪਾਸੇ ਦੁਨੀਆ ਵਿੱਚ ਮੌਤ ਆਪਣਾ ਪਲੱਾ ਫੈਲਾਏਗੀ ਅਤੇ ਭੁਚਾਲ ਆਉਣਗੇ ਅਤੇ ਤੀਬਰਤਾ ਨਾਲ ਆਉਣਗੇ । ਪਰਲੈ ਦਾ ਨਮੂਨਾ ਹੋਣਗੇ ਅਤੇ ਧਰਤੀ ਦੀ ਹੇਠਲੀ ਉਪੱਰ ਕਰ ਦੇਣਗੇ । ਬਹੁਤਿਆਂ ਦਾ ਜੀਵਨ ਕਠਿਨ ਹੋ ਜਾਵੇਗਾ । ਫਿਰ ਤੌਬਾ (ਪਸ਼ਚਾਤਾਪ) ਕਰਨਗੇ ਅਤੇ ਅਪਣੇ ਪਾਪਾਂ ਨੂੰ ਛੱਡ ਦੇਣਗੇ । ਰੱਬ ਉਹਨਾਂ 'ਤੇ ਆਪਣੀ ਮਿਹਰ ਕਰੇਗਾ। ਜਿਵੇਂ ਕਿ ਹਰ ਇਕ ਨਬੀ (ਅਵਤਾਰ) ਨੇ ਇਸ ਜੁੱਗ ਦੀ ਖ਼ਬਰ ਦਿੱਤੀ ਸੀ । ਅਵਸ਼ ਹੈ ਕਿ ਸਭ ਕੁਝ ਵਾਪਰੇ, ਪਰੰਤੂ ਜੋ ਆਪਣੇ ਮਨ ਸੁਧਾਰ ਲੈਣਗੇ ਅਤੇ ਉਹਨਾ ਮਾਰਗਾਂ ਨੂੰ ਅਪਨਾਉਣਗੇ ਜੋ ਰੱਬ ਨੂੰ ਪਿਆਰੇ ਹੋਣ । ਉਹਨਾਂ ਨੂੰ ਕੋਈ ਖ਼ੌਫ਼ ਨਹੀਂ ਅਤੇ ਨ ਕੋਈ ਦੁੱਖ । ਖ਼ੁਦਾ ਨੇ ਮੈਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ ਤੂੰ ਮੇਰੇ ਵੱਲੋਂ ਨਜ਼ੀਰ (ਡਰਾਉਣ ਤੇ ਸਮਝਾਉਣ ਵਾਲਾ) ਹੈਂ । ਮੈਂ ਤੈਨੂੰ ਭੇਜਿਆ ਹੈ ਤਾਂ ਜੋ ਅਪਰਧੀ, ਨੇਕ ਲੋਕਾਂ ਤੋਂ ਵਖੱਰੇ ਕੀਤੇ ਜਾਣ ਅਤੇ ਫ਼ਰਮਾਇਆ :-"ਦੁਨੀਆ

ਵਿੱਚ ਇਕ ਨਜ਼ੀਰ ਆਇਆ, ਪਰ ਦੁਨੀਆ ਨੇ ਉਸਨੂੰ ਕੁਬੂਲ ਨ ਕੀਤਾ, ਪਰੰਤੂ ਖ਼ੁਦਾ ਉਸਨੂੰ ਕੁਬੂਲ ਕਰੇਗਾ ਅਤੇ ਵੱਡੇ ਤੀਬਰ ਹਮਲਿਆਂ ਰਾਹੀਂ ਉਸਦੀ ਸਚੱਾਈ ਪ੍ਰਗਟ ਕਰ ਦੇਵੇਗਾ[1]। ਮੈਂ ਤੈਨੂੰ ਇੰਨੀ ਬਰਕਤ ਦਿਆਂਗਾ ਕਿ ਬਾਦਸ਼ਾਹ ਤੇਰੇ ਕਪੜਿਆਂ ਵਿੱਚੋਂ ਬਰਕਤ ਭਾਲਣਗੇ ।"

ਅਤੇ ਅਗੇਤਰੇ ਭੁਚਾਲ ਬਾਰੇ ਜੋ ਇਕ ਵਡੱਾ ਭੁਚਾਲ ਹੋਵੇਗਾ, ਮੈਨੂੰ ਸੂਚਨਾ ਦਿੱਤੀ ਗਈ ਅਤੇ ਫ਼ਰਮਾਇਆ :–

"ਫਿਰ ਬਹਾਰ (ਬਸੰਤ) ਆਈ ਖ਼ੁਦਾ ਕੀ ਬਾਤ ਫਿਰ ਪੂਰੀ ਹੋਈ ।"

ਇਸ ਲਈ ਇਕ ਸਖ਼ਤ (ਭਿਆਨਕ) ਭੁਚਾਲ ਦਾ ਆਉਣਾ ਜ਼ਰੂਰੀ ਹੈ, ਪਰ ਸਦਾਚਾਰੀ ਇਸ ਤੋਂ ਸੁਰੱਖਿਅਤ ਹਨ । ਸੋ ਸਦਾਚਾਰੀ ਬਣੋ । ਅਤੇ ਸੰਜਮਤਾ ਧਾਰਨ ਕਰੋ ਤੇ ਬੱਚ ਜਾਓ । ਅੱਜ ਰੱਬ ਤੋਂ ਡਰੋ ਤਾਂ ਜੋ ਉਸ ਦਿਨ ਦੇ ਡਰ ਤੋਂ ਸੁਰੱਖਿਅਤ ਰਹੋ । ਅਵਸ਼ ਹੈ ਕਿ ਅਕਾਸ਼ ਕੁਝ ਦਿਖਾਵੇ ਅਤੇ ਧਰਤੀ ਕੁਝ ਪ੍ਰਗਟ ਕਰੇ, ਪਰ ਰੱਬ ਤੋਂ ਡਰਨ ਵਾਲੇ ਬਚਾਏ ਜਾਣਗੇ ।

ਰੱਬ ਦੀ ਬਾਣੀ ਮੈਨੂੰ ਦਸਦੀ ਹੈ ਕਿ ਅਨੇਕਾਂ ਘਟਨਾਵਾਂ ਵਾਪਰਨਗੀਆਂ ਕਈ ਆਫ਼ਤਾਂ ਧਰਤੀ 'ਤੇ ਪ੍ਰਗਟ ਹੋਣਗੀਆਂ । ਉਹਨਾਂ 'ਚੋਂ ਕੁਝ ਤਾਂ ਮੇਰੇ ਜੀਵਨਕਾਲ ਵਿੱਚ ਪ੍ਰਗਟ ਹੋਣਗੀਆਂ ਅਤੇ ਕੁਝ ਮੇਰੇ ਮਗਰੋਂ ਪ੍ਰਗਟ ਹੋਣਗੀਆਂ ।

---

[1] **ਜੇਕਰ ਦੁਨੀਆ ਦੀ ਅਖੱ ਖੁਲਦੀ ਤਾਂ ਉਹ ਦੇਖਦੇ ਕਿ ਮੈਂ ਸਦੀ ਦੇ ਸਿਰੇ ਤੇ ਪ੍ਰਗਟ ਹੋਇਆ ਹਾਂ ਅਤੇ ਚੋਦਵੀਂ ਸਦੀ ਦਾ ਪਹਿਲਾ ਚੁਥਾਈ (¼) ਭਾਗ ਵੀ ਲੰਘ ਗਿਆ ਹੈ ਅਤੇ ਹਦੀਸਾਂ ਅਨੁਸਾਰ ਐਨ ਮੇਰੇ ਦਾਅਵੇ ਸਮੇਂ ਰਮਜ਼ਾਨ ਦੇ ਮਹੀਨੇ ਵਿੱਚ ਚੰਦ ਗ੍ਰਹਿਣ ਅਤੇ ਸੂਰਜ ਗ੍ਰਹਿਣ ਵੀ ਪ੍ਰਕਟ ਹੋਇਆ ਅਤੇ ਤਾਊਨ (ਪਲੇਗ) ਦੀ ਮਹਾਮਾਰੀ ਵੀ ਦੇਸ਼ ਵਿੱਚ ਪ੍ਰਗਟ ਹੋਈ ਅਤੇ ਭੁਚਾਲ ਵੀ ਆਏ ਅਤੇ ਆਉਣਗੇ, ਪਰ ਦੁੱਖ ਉਹਨਾਂ 'ਤੇ ਜਿੰਨ੍ਹਾ ਨੇ ਦੁਨੀਆ ਨੂੰ ਪਿਆਰਿਆ, ਉਹਨਾਂ ਨੇ ਮੈਨੂੰ ਕੁਬੂਲ ਨਹੀਂ ਕੀਤਾ ।**

ਅਤੇ ਉਹ ਮੇਰੇ ਸਿਲਸਿਲੇ (ਜਮਾਤ) ਨੂੰ ਪੂਰੀ ਪ੍ਰਗਤੀ ਦੇਵੇਗਾ । ਕੁਝ ਮੇਰੇ ਹੱਥਾਂ ਰਾਹੀਂ ਅਤੇ ਕੁਝ ਮੇਰੇ ਮਗਰੋਂ ।

ਇਹ ਖ਼ੁਦਾ ਤਆਲਾ ਦੀ ਸੁਨੱਤ (ਮਰਯਾਦਾ) ਹੈ, ਜਦ ਤੋਂ ਉਸਨੇ ਮਨੁੱਖ ਨੂੰ ਧਰਤੀ 'ਚ ਪੈਦਾ ਕੀਤਾ ਹੈ ਹਮੇਸ਼ਾਂ ਆਪਣੀ ਸੁਨੱਤ ਨੂੰ ਪ੍ਰਗਟ ਕਰਦਾ ਰਿਹਾ ਹੈ । ਉਹ ਆਪਣੇ ਨਬੀਆਂ ਤੇ ਰਸੂਲਾਂ (ਅਵਤਾਰ ਤੇ ਸੰਦੇਸ਼ ਵਾਹਕਾਂ) ਦੀ ਮਦਦ ਕਰਦਾ ਹੈ ਅਤੇ ਉਹਨਾ ਨੂੰ ਸਫ਼ਲਤਾ ਪ੍ਰਦਾਨ ਕਰਦਾ ਹੈ । ਜਿਵੇਂ ਕਿ ਫ਼ਰਮਾਉਂਦਾ ਹੈ :- (كَتَبَ اللّٰهُ لَاَغْلِبَنَّ اَنَا وَرُسُلِیْ)

ਕਾਤਾਬਲੱਾਹੁ ਲਾ ਅਗ਼ਲਿ ਬਨੱਾ ਅਨਾ ਵ ਰੁਸੁਲੀ

ਅਰਥਃ-ਖ਼ੁਦਾ ਨੇ ਲਿੱਖ ਰੱਖਿਆ ਹੈ ਕਿ ਉਹ ਅਤੇ ਉਸ ਦੇ ਨਬੀ ਗ਼ਾਲਬ (ਵਿਜੇਈ) ਰਹਿਣਗੇ ।)

ਗ਼ਲਬੇ ਤੋਂ ਭਾਵ ਇਹ ਹੈ ਕਿ ਜਿਵੇਂ ਕਿ ਰਸੂਲਾਂ ਅਤੇ ਨਬੀਆਂ (ਅਵਤਾਰਾਂ) ਦੀ ਇਛੱਾ ਹੁੰਦੀ ਹੈ ਕਿ ਰੱਬ ਦਾ ਤਰਕ ਧਰਤੀ ਉਪੱਰ ਪੂਰਾ ਹੋ ਜਾਏ ਅਤੇ ਉਸਦਾ ਟਾਕਰਾ ਕੋਈ ਵੀ ਨ ਕਰ ਸਕੇ । ਇਸੇ ਪ੍ਰਕਾਰ ਖ਼ੁਦਾ ਤਆਲਾ ਠੋਸ ਚਮਤਕਾਰਾਂ ਰਾਹੀਂ ਉਹਨਾਂ ਦੀ ਸਚੱਾਈ ਪ੍ਰਗਟ ਕਰ ਦੇਂਦਾ ਹੈ ਅਤੇ ਜਿਸ ਨੇਕੀ ਤੇ ਸਚੱਾਈ ਨੂੰ ਉਹ ਦੁਨੀਆ ਵਿੱਚ ਫੈਲਾਉਣਾ ਚਾਹੁੰਦੇ ਹਨ ਉਸਦਾ ਬੀਜਾਰੋਪਣ ਉਹਨਾਂ ਦੇ ਕਰ ਕਮਲਾਂ ਰਾਹੀਂ ਕਰ ਦੇਂਦਾ ਹੈ, ਪਰ ਉਸ ਦੀ ਪੂਰਨਤਾ ਉਹਨਾਂ ਦੇ ਹੱਥੀਂ ਨਹੀਂ ਕਰਦਾ ਸਗੋਂ ਅਜਿਹੇ ਸਮੇਂ ਉਹਨਾਂ ਨੂੰ ਮੌਤ ਦੇਕੇ ਜੋ ਵੇਖਣ ਨੂੰ ਤਾਂ ਇਕ ਅਸਫ਼ਲਤਾ ਦਾ ਖ਼ੌਫ਼ ਆਪਣੇ ਨਾਲ ਰਖੱਦਾ ਹੈ । ਵਿਰੋਧੀਆਂ ਨੂੰ ਹਾਸੇ, ਠੱਠੇ, ਤਾਹਣੇ-ਮਿਹਣੇ ਤੇ ਗਲੱਾਂ ਕਰਨ ਦਾ ਮੌਕਾ ਦੇਂਦਾ ਹੈ । ਜੱਦ ਉਹ ਹਾਸੇ ਤੇ ਠੱਠੇ ਕਰ ਚੁਕਦੇ ਹਨ ਤਾਂ ਫ਼ਿਰ ਇਕ ਦੂਜਾ ਹੱਥ ਆਪਣੀ ਕੁਦਰਤ ਦਾ ਦਿਖਾਉਂਦਾ ਹੈ ਅਤੇ ਅਜਿਹੇ ਸਬਬ ਬਣਾ ਦੇਂਦਾ ਹੈ ਜਿੰਨ੍ਹਾ ਰਾਹੀਂ ਉਹ ਮੰਤਵ ਜੋ ਕੁਝ ਅਧੂਰੇ ਰਹਿ ਗਏ ਸਨ ਆਪਣੀ ਸੰਪੂਰਨਤਾ ਨੂੰ ਪਹੁੰਚਦੇ ਹਨ ।

ਭਾਵ ਇਹ ਹੈ ਕਿ ਦੋ ਪ੍ਰਕਾਰ ਦੀ ਕੁਦਰਤ ਪ੍ਰਗਟ ਕਰਦਾ ਹੈ । (1) ਪਹਿਲਾਂ, ਖ਼ੁਦ ਨਬੀਆਂ ਦੇ ਹੱਥੀਂ ਆਪਣੀ ਕੁਦਰਤ ਦਾ ਹੱਥ ਦਿਖਾਉਂਦਾ ਹੈ ।

(2) ਦੂਜਾ, ਅਜਿਹੇ ਸਮੇਂ ਜੱਦ ਨਬੀ ਦੀ ਮੌਤ ਮਗਰੋਂ ਔਕੜਾਂ ਦਾ ਸਾਹਮਣਾ ਹੋ ਜਾਂਦਾ ਹੈ ਅਤੇ ਵੈਰੀ ਬਲ ਫੜ ਜਾਂਦੇ ਹਨ ਅਤੇ ਵਿਚਾਰਦੇ ਹਨ ਕਿ ਹੁਣ ਕੰਮ ਵਿਗੜ ਗਿਆ ਹੈ ਅਤੇ ਭਰੋਸਾ ਕਰ ਲੈਂਦੇ ਹਨ ਕਿ ਹੁਣ ਇਹ ਜਮਾਤ ਨਸ਼ਟ ਹੋ ਜਾਇਗੀ ਅਤੇ ਖ਼ੁਦ ਜਮਾਤ ਦੇ ਲੋਕ ਵੀ ਸ਼ੰਕਾ ਵਿੱਚ ਪੈ ਜਾਂਦੇ ਹਨ ਅਤੇ ਉਹਨਾਂ ਦੇ ਲੱਕ ਟੁਟੱਣ ਲਗਦੇ ਹਨ ਅਤੇ ਕਈ ਅਭਾਗੇ ਵਿਮੁਖੱ ਹੋਣ ਦੇ ਮਾਰਗ ਧਾਰਨ ਕਰ ਲੈਂਦੇ ਹਨ । ਉਦੋਂ ਖ਼ੁਦਾ ਤਆਲਾ ਫ਼ਿਰ ਦੂਜੀ ਵਾਰ ਆਪਣੀ ਸ਼ਕਤੀਸ਼ਾਲੀ ਕੁਦਰਤ ਪ੍ਰਗਟ ਕਰਦਾ ਹੈ ਅਤੇ ਢਹਿੰਦੀ ਹੋਈ ਜਮਾਤ ਨੂੰ ਸੰਭਾਲ ਲੈਂਦਾ ਹੈ । ਸੋ, ਜੋ ਅੰਤ ਤਕ ਸਬਰ ਕਰਦਾ ਹੈ ਰੱਬ ਦੇ ਇਸ ਚਮਤਕਾਰ ਨੂੰ ਦੇਖਦਾ ਹੈ ਜਿਵੇਂ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਦੇ ਸਮੇਂ ਹੋਇਆ । ਜੱਦ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੀ ਮੌਤ ਇਕ ਬੇ-ਵਕਤ ਮੌਤ ਸਮਝੀ ਗਈ ਅਤੇ ਅਨੇਕਾਂ ਹੀ ਬਾਦੀਯਾਨਸ਼ੀਨ (ਬਨਵਾਸੀ, ਪੇਂਡੂ ਤੇ ਨਾਸਮਝ) ਵਿਮੁੱਖ ਹੋ ਗਏ ਅਤੇ ਸਹਾਬਾ ਰਜ਼ੀ ਅਲੱਾਹ ਅਨਹੁਮ ਵੀ ਦੁੱਖ ਦੇ ਮਾਰੇ ਦੀਵਾਨਿਆ ਵਾਂਗ ਹੋ ਗਏ । ਉਸ ਸਮੇਂ ਖ਼ੁਦਾ ਤਆਲਾ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹ ਅਨਹੁ ਨੂੰ ਖੜਾ ਕਰਕੇ ਮੁੜ ਆਪਣੀ ਕੁਦਰਤ ਦਾ ਨਮੂਨਾ ਦਿਖਾਇਆ ਅਤੇ ਇਸਲਾਮ ਨੂੰ ਮਿਟਦਿਆਂ ਨੂੰ ਸੰਭਾਲ ਲਿਆ ਅਤੇ ਉਸ ਪ੍ਰਣ ਨੂੰ ਪੂਰਿਆਂ ਕੀਤਾ ਜੋ ਫ਼ਰਮਾਇਆ ਸੀ :-

(وَلَيُمَكِّنَنَّ لَهُمْ دِينَهُمُ الَّذِى ارْتَضَى لَهُمْ وَلَيُبَدِّلَنَّهُمْ مِنْ بَعْدِ خَوْفِهِمْ أَمْنًا (النور 56)

ਵਲਾ ਯੁਮੱਕੇ ਨਨੱਾ ਲਹੁਮ ਦੀਨਾ ਹੁਮਲੱਜ਼ਿਰੱਤਜ਼ਾ ਲਹੁਮ ਵਲਾਯੁਬੱਦੇਲਨੱਾ ਹੁੰਮ ਮਿੰਨ ਬਾਦਿ ਖ਼ੌਫ਼ਿਹਿਮ ਅਮਨਾ । (ਨੂਰ – 56)

ਅਰਥਾਤ ਖ਼ੌਫ਼ ਮਗਰੋਂ ਫਿਰ ਅਸੀਂ ਉਹਨਾਂ ਦੇ ਪੈਰ੍ਹ ਜਮਾ ਦਿਆਂਗੇ । ਅਜਿਹਾ ਹੀ ਹਜ਼ਰਤ ਮੂਸਾ ਅਲੈਹਿ ਸਲਾਮ ਦੇ ਸਮੇਂ ਵਿੱਚ ਹੋਇਆ ਜੱਦ ਕਿ ਹਜ਼ਰਤ ਮੂਸਾ ਮਿਸਰ ਅਤੇ ਕਿਨਆਨ ਦੇ ਮਾਰਗ ਵਿੱਚ ਬਨੀ ਇਸਰਾਈਲ ਦੇ ਵਚਨ ਅਨੁਸਾਰ ਨਿਰਧਾਰਤ ਟੀਚੇ ਤੱਕ ਪਹੁੰਚਾਉਣ ਤੋਂ ਪਹਿਲਾਂ ਫ਼ੌਤ (ਅਕਾਲ ਚਲਾਣਾ) ਹੋ ਗਏ ਸਨ ਅਤੇ ਬਨੀ ਇਸਰਾਈਲੀਆਂ ਵਿੱਚ ਉਹਨਾਂ ਦੇ ਮਰਨ ਨਾਲ ਇਕ ਵਡੱਾ ਮਾਤਮ ਪੈ ਗਿਆ ਸੀ । ਜਿਵੇਂ ਕਿ ਤੌਰਾਤ ਵਿੱਚ ਲਿੱਖਿਆ ਹੈ ਕਿ ਬਨੀ ਇਸਰਾਈਲ ਇਸ ਅਸਮੇਂ ਮੌਤ ਦੇ ਦੁੱਖ ਨਾਲ ਹਜ਼ਰਤ ਮੂਸਾ ਅਲੈਹਿ

ਸਲਾਮ ਦੀ ਅਚਨਚੇਤ ਜੁਦਾਈ ਕਰਕੇ ਚਾਲ੍ਹੀ (40) ਦਿਨ ਤੱਕ ਰੋਂਦੇ ਰਹੇ । ਅਜਿਹਾ ਹੀ ਹਜ਼ਰਤ ਈਸਾ ਅਲੈਹਿ ਸਲਾਮ ਨਾਲ ਵਾਪਰਿਆ । ਸਲੀਬ ਦੀ ਘਟਨਾ ਸਮੇਂ ਸਾਰੇ ਹਵਾਰੀ (ਸ਼ਿਸ਼, ਚੇਲੇ) ਤਿਤੱਰ ਬਿਤੱਰ ਹੋ ਗਏ ਅਤੇ ਉਹਨਾਂ ਵਿੱਚੋਂ ਇਕ ਵਿਮੁੱਖ ਵੀ ਹੋ ਗਿਆ ।

ਸੋ, ਹੇ ਪਿਆਰਿਓ ! ਜੱਦ ਕਿ ਅਰੰਭ ਤੋਂ ਰੱਬ ਦੀ ਇਹੋ ਮਰਯਾਦਾ ਹੈ ਕਿ ਖ਼ੁਦਾ ਤਆਲਾ ਦੋ ਕੁਦਰਤਾਂ ਦਿਖਾਉਂਦਾ ਹੈ ਤਾਂ ਜੋ ਵਿਰੋਧੀਆਂ ਦੀਆਂ ਦੋ ਝੂਠੀਆਂ ਖ਼ੁਸ਼ੀਆਂ ਨੂੰ ਪੈਰ੍ਹਾਂ ਹੇਠ ਰੋਲ੍ਹ ਕੇ ਦਿਖਾ ਦੇਵੇ । ਸੋ, ਹੁਣ ਸੰਭਵ ਨਹੀਂ ਹੈ ਕਿ ਰੱਬ ਆਪਣੀ ਅਰੰਭ ਦੀ ਮਰਯਾਦਾ ਨੂੰ ਛੱਡ ਦੇਵੇ । ਇਸ ਲਈ ਤੁਸੀਂ ਮੇਰੀ ਇਸ ਗਲ ਤੋਂ ਜੋ ਮੈਂ ਤੁਹਾਡੇ ਸਾਹਮਣੇ ਵਰਨਣ ਕੀਤੀ ਹੈ ਦੁਖੀ ਨ ਹੋਵੋ ਅਤੇ ਤੁਹਾਡੇ ਮਨ ਚਿੰਤਤ ਨ ਹੋ ਜਾਣ ਕਿਉਂਕਿ ਤੁਹਾਡੇ ਲਈ ਦੂਜੀ ਕੁਦਰਤ ਦਾ ਦੇਖਣਾ ਵੀ ਜ਼ਰੂਰੀ ਹੈ ਅਤੇ ਉਸਦਾ ਆਉਣਾ ਤੁਹਾਡੇ ਲਈ ਬਿਹਤਰ (ਚੰਗਾ) ਹੈ । ਕਿਉਂਕਿ ਉਹ ਸਦੈਵੀ ਹੈ, ਜਿਸਦਾ ਸਿਲਸਿਲਾ (ਕ੍ਰਮ) ਕਯਾਮਤ (ਪਰਲੈ) ਤੱਕ ਨਹੀਂ ਟੁੱਟੇਗਾ । ਉਹ ਦੂਜੀ ਕੁਦਰਤ ਨਹੀਂ ਆ ਸਕਦੀ ਜੱਦ ਤੱਕ ਮੈਂ ਨ ਜਾਵਾਂ । ਪਰ ਜੱਦ ਮੈਂ ਜਾਵਾਂਗਾ ਰੱਬ ਫਿਰ ਉਸ ਦੂਜੀ ਕੁਦਰਤ ਨੂੰ ਤੁਹਾਡੇ ਲਈ ਭੇਜ ਦੇਵੇਗਾ, ਜੋ ਸਦਾ ਤੁਹਾਡੇ ਨਾਲ ਰਹੇਗੀ, ਜਿਵੇਂ ਕਿ ਖ਼ੁਦਾ ਤਆਲਾ ਦਾ ਬ੍ਰਾਹੀਨ ਅਹਮਦੀਆ ਵਿੱਚ ਪ੍ਰਣ ਹੈ । ਉਹ ਪ੍ਰਣ ਮੇਰੇ ਬਾਰੇ ਨਹੀਂ ਸਗੋਂ ਤੁਹਾਡੇ ਬਾਰੇ ਹੈ, ਜਿਵੇਂ ਕਿ ਖ਼ੁਦਾ ਤਆਲਾ ਫ਼ਰਮਾਉਂਦਾ ਹੈ ਕਿ ਮੈਂ ਇਸ ਜਮਾਤ ਨੂੰ ਜੋ ਤੇਰੇ ਸ਼ਰਧਾਲੂ ਹਨ ਕਯਾਮਤ ਤੱਕ ਹੋਰਨਾ 'ਤੇ ਗ਼ਲਬਾ ਦਿਆਂਗਾ । ਸੋ, ਅਵਸ਼ ਹੈ ਕਿ ਤੁਹਾਡੇ 'ਤੇ ਮੇਰੀ ਜੁਦਾਈ ਦਾ ਦਿਨ ਆਵੇ । ਤਾਂ ਜੋ ਮਗਰੋਂ ਉਹ ਦਿਨ ਆਉਣ ਜੋ ਸਦੈਵੀ ਪ੍ਰਣ ਦੇ ਹਨ । ਉਹ ਸਾਡਾ ਰੱਬ ਆਪਣੇ ਵਚਨਾ ਦਾ ਸਚੱਾ ਤੇ ਵਫ਼ਾਦਾਰ ਅਤੇ ਸਾਦਕ ਰੱਬ ਹੈ । ਉਹ ਸੱਭ ਕੁਝ ਤੁਹਾਨੂੰ ਦਿਖਾਏਗਾ ਜਿਸਦਾ ਉਸਨੇ ਬਚਨ ਦਿਤੱਾ ਹੈ । ਭਾਵੇਂ ਇਹ ਜੁਗ ਦੁਨੀਆ ਦਾ ਅੰਤਮ ਜੁਗ ਹੈ ਅਤੇ ਅਨੇਕਾਂ ਬਲਾਵਾਂ ਦੇ ਪ੍ਰਗਟ ਹੋਣ ਦਾ ਸਮਾਂ ਹੈ, ਪਰ ਜ਼ਰੂਰੀ ਹੈ ਕਿ ਇਹ ਦੁਨੀਆ ਕਾਇਮ ਰਹੇ, ਜੱਦ ਤੱਕ ਉਹ ਸਾਰੀਆਂ ਗਲੱਾਂ ਪੂਰੀਆਂ ਨ ਹੋ ਜਾਣ ਜਿੰਨ੍ਹਾ ਦੀ ਰੱਬ ਨੇ ਖ਼ਬਰ ਦਿੱਤੀ ਹੈ । ਮੈਂ ਰੱਬ ਵੱਲੋਂ ਇਕ ਕੁਦਰਤ ਦੇ ਰੂਪ ਵਿੱਚ

ਪ੍ਰਗਟ ਹੋਇਆਂ ਹਾਂ ਅਤੇ ਮੈਂ ਰੱਬ ਵੱਲੋਂ ਇਕ ਸੰਪੂਰਨ ਕੁਦਰਤ ਹਾਂ । ਅਤੇ ਮੇਰੇ ਮਗਰੋਂ ਕੁਝ ਹੋਰ ਵਜੂਦ (ਹਸਤੀਆਂ) ਹੋਣਗੇ ਜੋ ਦੂਜੀ ਕੁਦਰਤ ਦੇ ਸਵਰੂਪ ਹੋਣਗੇ । ਸੋ, ਤੁਸੀਂ ਰੱਬ ਦੀ ਦੂਜੀ ਕੁਦਰਤ ਦੀ ਉਡੀਕ ਵਿੱਚ ਇਕੱਠਿਆਂ ਹੋਕੇ ਦੁਆਂਵਾਂ ਕਰਦੇ ਰਹੋ । ਚਾਹੀਦਾ ਹੈ ਕਿ ਹਰ ਇਕ ਨੇਕ ਲੋਕਾਂ ਦੀ ਜਮਾਤ ਹਰ ਇਕ ਦੇਸ਼ ਵਿੱਚ ਇਕੱਠਿਆਂ ਹੋਕੇ ਦੁਆ ਵਿੱਚ ਲੱਗੇ ਰਹਿਣ ਤਾਂ ਜੋ ਦੂਜੀ ਕੁਦਰਤ ਅਕਾਸ਼ 'ਚੋਂ ਪ੍ਰਗਟ ਹੋਵੇ ਅਤੇ ਤੁਹਾਨੂੰ ਦਿਖਾਵੇ ਕਿ ਤੁਹਾਡਾ ਰੱਬ ਅਜਿਹਾ ਕਾਦਰ (ਸਰਬ ਸ਼ਕਤੀਮਾਨ) ਰੱਬ ਹੈ । ਆਪਣੀ ਮੌਤ ਨੂੰ ਨੇੜੇ ਜਾਣੋ, ਤੁਸੀਂ ਨਹੀਂ ਜਾਣਦੇ ਉਹ ਸਮਾਂ ਕਦੋਂ ਆ ਜਾਏਗਾ । ਚਾਹੀਦਾ ਹੈ ਕਿ ਜਮਾਤ ਦੇ ਬੁਜ਼ੁਰਗ ਜੋ ਪਵਿੱਤਰ ਆਤਮਾ ਰਖੱਦੇ ਹਨ, ਮੇਰੇ ਨਾਂ 'ਤੇ ਮੇਰੇ ਮਗਰੋਂ ਲੋਕਾਂ ਤੋਂ ਬੈਅਤ ਲੈਣ[1] । ਅਲੱਾਹ ਤਆਲਾ ਚਾਹੁੰਦਾ ਹੈ ਕਿ ਉਹਨਾਂ ਸਾਰੀਆਂ ਆਤਮਾਵਾਂ ਨੂੰ ਜੋ ਧਰਤੀ ਦੀਆਂ ਭਿੰਨ ਭਿੰਨ ਵੱਸੋਂ ਵਿੱਚ ਵਸਦੀਆਂ ਹਨ, ਕੀ ਯੂਰੋਪ ਤੇ ਕੀ ਏਸ਼ੀਆ ਉਹਨਾਂ ਸਾਰਿਆਂ ਨੂੰ ਜੋ ਪਵਿੱਤਰ ਸੁਭਾਵ ਰਖੱਦੇ ਹਨ ਇਕ ਰੱਬ ਵੱਲ ਲਾਏ ਅਤੇ ਆਪਣੇ ਬੰਦਿਆ ਨੂੰ ਇਕ ਧਰਮ 'ਤੇ ਇਕਤੱਰ ਕਰੇ । ਇਹੋ ਰੱਬ ਦਾ ਉਦੇਸ਼ ਹੈ ਜਿਸਦੇ ਲਈ ਮੈਂ ਦੁਨੀਆਂ ਵਿੱਚ ਭੇਜਿਆ ਗਿਆ ਹਾਂ । ਸੋ, ਤੁਸੀਂ ਇਸ ਉਦੇਸ਼

[1] ਅਜਿਹੇ ਲੋਕਾਂ ਦੀ ਚੋਣ ਮੋਮਿਨਾਂ ਦੀ ਸਾਮੂਹਿਕ ਸਹਿਮਤੀ ਨਾਲ ਹੋਵੇਗਾ । ਸੋ, ਜਿਸ ਵਿਅਕਤੀ ਬਾਰੇ 40 ਮੋਮਿਨ ਸਹਿਮਤੀ ਕਰਨਗੇ ਕਿ ਉਹ ਇਸ ਗੱਲ ਦੇ ਯੋਗ ਹੈ ਕਿ ਮੇਰੇ ਨਾਂ 'ਤੇ ਲੋਕਾਂ ਦੀ ਬਹੈਤ ਲੈਂਣ ਦਾ ਅਧਿਕਾਰੀ ਹੋਵੇਗਾ ਅਤੇ ਚਾਹੀਦਾ ਹੈ ਕਿ ਉਹ ਆਪਣੇ ਆਪਨੂੰ ਦੂਜਿਆਂ ਲਈ ਨਮੂਨਾ ਬਣਾਏ । ਰੱਬ ਨੇ ਮੈਂਨੂੰ ਖ਼ਬਰ ਦਿੱਤੀ ਹੈ ਕਿ ਮੈਂ ਤੇਰੀ ਜਮਾਤ ਲਈ ਤੇਰੇ ਹੀ ਬੰਸ ਵਿੱਚੋਂ ਇਕ ਵਿਅਕਤੀ ਕਾਇਮ ਕਰਾਂਗਾ ਅਤੇ ਉਸ ਨੂੰ ਆਪਣੀ ਨੇੜਤਾ ਤੇ ਵਹੀ ਨਾਲ ਵਿਸ਼ੇਸ਼ ਕਰਾਂਗਾ ਅਤੇ ਉਸ ਰਾਹੀਂ ਹੱਕ (ਸਚੱਾਈ) ਤਰੱਕੀ ਕਰੇਗਾ ਅਤੇ ਬਹੁਤ ਸਾਰੇ ਲੋਕ ਸਚੱਾਈ ਨੂੰ ਕੁਬੂਲ ਕਰਨਗੇ । ਸੋ, ਉਹਨਾਂ ਦੋਹਾਂ ਦੇ ਉਡੀਕਵਾਨ ਰਹੋ । ਅਤੇ ਤੁਹਾਨੂੰ ਚੇਤੇ ਰਹੇ ਕਿ ਹਰ ਇਕ ਦੀ ਸ਼ਨਾਖ਼ਤ (ਪਛਾਣ) ਉਸ ਦੇ ਸਮੇਂ ਵਿੱਚ ਹੁੰਦੀ ਹੈ ਅਤੇ ਸਮੇਂ ਤੋਂ ਪਹਿਲਾਂ ਸੰਭਵ ਹੈ ਕਿ ਉਹ ਮਮੂਲੀ ਮਨੁੱਖ ਦਿਖਾਈ ਦੇਵੇ ਜਾਂ ਕੁਝ ਧੋਖਾ ਦੇਣ ਵਾਲੇ ਵਿਚਾਰਾਂ ਕਰਕੇ ਇਤਰਾਜ਼ ਯੋਗ ਠਹਿਰੇ, ਜਿਵੇਂ ਕਿ ਸਮੇਂ ਤੋਂ ਪਹਿਲਾਂ ਇਕ ਕਾਮਲ ਇਨਸਾਨ ਬਣਨ ਵਾਲਾ ਵੀ ਗਰਭ ਵਿੱਚ ਕੇਵਲ ਇਕ ਨੁਤਫ਼ਾ (ਬਿੰਦ, ਸ਼ੁਕ੍ਰਾਣੂ) ਜਾਂ ਲੋਥੜਾ ਹੁੰਦਾ ਹੈ ।

ਦੀ ਪੈਰ੍ਹਵੀ ਕਰੋ, ਪਰ ਨਰਮੀ, ਉਚ ਆਚਰਣ ਅਤੇ ਦੁਆਵਾਂ 'ਤੇ ਬਲ ਦੇਂਦੇ ਹੋਏ ਜੱਦ ਤੱਕ ਕੋਈ ਰੱਬ ਤੋਂ ਰੂਹੁਲ ਕੁਦੁਸ (ਪਵਿਤੱਰ ਆਤਮਾ) ਪ੍ਰਾਪਤ ਕਰਕੇ ਖੜਾ ਨ ਹੋਵੇ ਸਾਰੇ ਹੀ ਮੇਰੇ ਮਗਰੋਂ ਰਲਕੇ ਕੰਮ ਕਰੋ ।ਚਾਹੀਦਾ ਹੈ ਕਿ ਤੁਸੀਂ ਵੀ ਹਮਦਰਦੀ ਅਤੇ ਆਪਣੇ ਆਪ ਨੂੰ ਪਾਕ ਕਰਨ ਲਈ ਰੂਹੁਲ ਕੁਦੁਸ (ਪਵਿਤੱਰ ਆਤਮਾ) 'ਚੋਂ ਕੁਝ ਭਾਗ ਪ੍ਰਾਪਤ ਕਰੋ । ਰੂਹੁਲ ਕਦੁਸ ਤੋਂ ਬਿਨਾਂ ਹਕੀਕੀ ਸੰਜਮਤਾ ਪ੍ਰਾਪਤ ਨਹੀਂ ਹੋ ਸਕਦੀ ਅਤੇ ਮਾਨਵੀ ਮਨੋਵੇਗਾਂ ਨੂੰ ਉਕੱਾ ਹੀ ਤਿਆਗ ਕੇ ਰੱਬ ਦੀ ਰਜ਼ਾ ਲਈ ਉਹ ਮਾਰਗ ਧਾਰਨ ਕਰੋ ਜੋ ਇਸ ਤੋਂ ਵੱਧ ਕੋਈ ਹੋਰ ਛੋਟਾ ਨ ਹੋਵੇ । ਸੰਸਾਰਕ ਸੁਆਦਾਂ ਤੇ ਮੋਹਿਤ ਨ ਹੋਵੋ ਕਿ ਉਹ ਰੱਬ ਤੋਂ ਵੱਖ ਕਰਦੀਆਂ ਹਨ ਅਤੇ ਰੱਬ ਖ਼ਾਤਰ ਤਲਖ਼ੀ (ਕਠਿਨ) ਦੇ ਜੀਵਨ ਨੂੰ ਅਪਣਾਓ । ਉਹ ਪੀੜਾ, ਜਿਸ ਤੋਂ ਰੱਬ ਰਾਜ਼ੀ ਹੋਵੇ ਉਸ ਆਨੰਦ ਨਾਲੋਂ ਜੰਗੀ ਹੈ ਜਿਸਤੋਂ ਰੱਬ ਰੁੱਸ ਜਾਵੇ । ਉਹ ਹਾਰ (ਪਤਨ) ਜਿਸ ਤੋਂ ਰੱਬ ਰਾਜ਼ੀ ਹੋਵੇ ਉਸ ਜਿੱਤ ਨਾਲੋਂ ਬਿਹਤਰ ਹੈ ਜੋ ਇਲਾਹੀ ਪ੍ਰਕੋਪ ਦਾ ਸਬਬ ਬਣੇ । ਉਸ ਪ੍ਰੇਮ ਨੂੰ ਛੱਡ ਦਿਓ ਜੋ ਇਲਾਹੀ ਪ੍ਰਕੋਪ ਦੇ ਨੇੜੇ ਲਿਆਵੇ । ਜੇਕਰ ਤੁਸੀਂ ਸਾਫ਼ ਦਿਲ ਨਾਲ ਉਸ ਵੱਲ ਆ ਜਾਓ ਤਾਂ ਉਹ ਹਰ ਇਕ ਮਾਰਗ ਵਿੱਚ ਤੁਹਾਡੀ ਮਦਦ ਕਰੇਗਾ, ਕੋਈ ਵੈਰੀ ਤੁਹਾਨੂੰ ਹਾਣ ਨਹੀਂ ਪਹੁੰਚਾ ਸਕੇਗਾ । ਰੱਬ ਦੀ ਰਜ਼ਾ ਨੂੰ ਤੁਸੀਂ ਕਿਸੇ ਪ੍ਰਕਾਰ ਵੀ ਪ੍ਰਾਪਤ ਕਰ ਹੀ ਨਹੀਂ ਸਕਦੇ ਜੱਦ ਤੱਕ ਤੁਸੀਂ ਆਪਣੀ ਇਛੱਾ ਤੇ ਸੁਆਦਾਂ ਨੂੰ ਤਿਆਗ ਕੇ, ਆਪਣੀ ਮਰਜ਼ੀ ਨੂੰ ਛੱਡ ਕੇ, ਆਪਣਾ ਧਨ ਮਾਲ ਛੱਡ ਕੇ, ਆਪਣੀ ਜਾਨ ਤੋਂ ਬੇ ਪਰਵਾਹ ਹੋ ਕੇ ਉਸ ਦੇ ਮਾਰਗ ਵਿੱਚ ਉਹ ਤਲਖ਼ੀਆਂ (ਕਠਿਨਾਈਆਂ) ਨ ਝੱਲੋ ਜੋ ਮੌਤ ਦਾ ਦ੍ਰਿਸ਼ ਤੁਹਾਡੇ ਸਾਹਮਣੇ ਪੇਸ਼ ਕਰਦੀ ਹੈ, ਜੇਕਰ ਤੁਸੀਂ ਤਲਖ਼ੀਆਂ ਝੱਲ ਲਓਗੇ ਤਾਂ ਇਕ ਪਿਆਰੇ ਬੱਚੇ ਵਾਂਗ ਰੱਬ ਦੀ ਕੁਛੱੜ ਵਿੱਚ ਆ ਜਾਓਗੇ ਅਤੇ ਤੁਸੀਂ ਉਹਨਾਂ ਸੰਜਮੀਆਂ ਦੇ ਵਾਰਸ ਬਣਾਏ ਜਾਓਗੇ ਜੋ ਤੁਹਾਡੇ ਤੋਂ ਪਹਿਲਾਂ ਲੰਘ ਚੁਕੇ ਹਨ । ਅਤੇ ਹਰ ਇਕ ਨੇਮਤ ਦੇ ਬੂਹੇ ਤੁਹਾਡੇ'ਤੇ ਖੋਲੇ ਜਾਣਗੇ । ਪਰੰਤੂ ਘੱਟ ਹਨ ਜੋ ਅਜਿਹੇ ਹਨ । ਖ਼ੁਦਾ ਤਆਲਾ ਨੇ ਮੈਨੂੰ ਸੰਬੋਧਨ ਕਰਕੇ ਫ਼ਰਮਾਇਆ ਹੈ ਕਿ ਸੰਜਮਤਾ ਇਕ ਅਜਿਹਾ ਰੁੱਖ ਹੈ ਜਿਸ ਨੂੰ ਆਪਣੇ ਦਿਲ ਵਿੱਚ ਲਗਾਉਣਾ ਚਾਹੀਦਾ ਹੈ । ਉਹੋ ਪਾਣੀ ਜਿਸ ਨਾਲ

ਸੰਜਮਤਾ ਪਲਦੀ ਹੈ ਸਾਰੇ ਬਾਗ਼ ਨੂੰ ਸੰਚਿਤ ਕਰ ਦੇਂਦਾ ਹੈ । ਸੰਜਮਤਾ ਇਕ ਅਜਿਹਾ ਮੁੱਢ ਹੈ ਕਿ ਜੇਕਰ ਉਹ ਨਹੀਂ ਤਾਂ ਸਭ ਕੁਝ ਤੁੱਛ ਹੈ ਜੇਕਰ ਉਹ ਬਾਕੀ ਰਹੇ ਤਾਂ ਸਭ ਕੁਝ ਬਾਕੀ ਹੈ । ਮਨੁੱਖ ਨੂੰ ਉਸ ਵਿਅਰਥ ਨਾਲ ਕੀ ਲਾਭ ਜੋ ਜੀਭ ਰਾਹੀਂ ਪ੍ਰਭੁ ਪ੍ਰਾਪਤੀ ਦੀਆਂ ਗਲੱਾਂ ਅਤੇ ਦਾਵ੍ਹਾ ਕਰਦਾ ਹੈ ਪਰੰਤੂ ਸਚੱਾਈ ਕੁਝ ਨਹੀਂ ਰਖੱਦਾ । ਦੇਖੋ ! ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਕਿ ਉਹ ਮਨੁੱਖ ਹਲਾਕ ਹੋਇਆ ਹੈ ਜੋ ਧਰਮ ਦੇ ਨਾਲ ਕੁਝ ਦੁਨੀਆ ਦੀ ਮਿਲਾਵਟ ਰਖੱਦਾ ਹੈ ਅਤੇ ਉਸ ਤੋਂ ਨਰਕ ਬਹੁਤ ਨੇੜੇ ਹੈ, ਜਿਸ ਦੇ ਸਾਰੇ ਨਿਸ਼ਚੇ ਰੱਬ ਲਈ ਨਹੀਂ ਹਨ ਸਗੋਂ ਕੁਝ ਰੱਬ ਲਈ ਅਤੇ ਕੁਝ ਦੁਨੀਆ ਲਈ । ਇਸ ਲਈ ਜੇਕਰ ਇਕ ਕਿਣਕਾ ਵੀ ਆਪਣੇ ਉਦੇਸ਼ਿਆਂ ਵਿੱਚ ਦੁਨੀਆ ਦੀ ਮਿਲਾਵਟ ਰਖੱਦੇ ਹੋ ਤਾਂ ਤੁਹਾਡੀਆਂ ਸਾਰੀਆਂ ਬੰਦਗੀਆਂ (ਭਗਤੀਆਂ) ਅਜਾਈਂ ਹਨ । ਇਸ ਅਵਸਥਾ ਵਿੱਚ ਤੁਸੀਂ ਰੱਬ ਦੀ ਪੈਰ੍ਹਵੀ ਨਹੀਂ ਕਰਦੇ, ਸਗੋਂ ਸ਼ੈਤਾਨ ਦੀ ਪੈਰ੍ਹਵੀ ਕਰਦੇ ਹੋ । ਤੁਸੀਂ ਕਦੇ ਵੀ ਆਸ ਨ ਰੱਖੋ ਕਿ ਅਜਿਹੀ ਅਵਸਥਾ ਵਿੱਚ ਰੱਬ ਤੁਹਾਡੀ ਸਹਾਇਤਾ ਕਰੇਗਾ । ਸਗੋਂ ਇਸ ਅਵਸਥਾ ਵਿੱਚ ਤੁਸੀਂ ਧਰਤੀ ਦੇ ਕੀੜੇ ਹੋ ਅਤੇ ਥੋੜੇ ਹੀ ਦਿਨਾਂ ਵਿੱਚ ਤੁਸੀਂ ਇਸ ਪ੍ਰਕਾਰ ਨਸ਼ਟ ਭਰਸ਼ਟ ਹੋ ਜਾਓਗੇ ਜਿਵੇਂ ਕੀੜੇ ਨਸ਼ਟ ਹੋ ਜਾਂਦੇ ਹਨ । ਤੁਹਾਡੇ ਵਿੱਚ ਰੱਬ ਨਹੀਂ ਹੋਵੇਗਾ, ਸਗੋਂ ਤੁਹਾਨੂੰ ਨਸ਼ਟ ਕਰਕੇ ਰੱਬ ਖ਼ੁਸ਼ ਹੋਵੇਗਾ । ਪਰ ਜੇਕਰ ਤੁਸੀਂ ਆਪਣੇ ਨਫ਼ਸ ਨਾਲ ਵਾਸਤਵ ਵਿੱਚ ਮਰ ਜਾਓਗੇ ਤੱਦ ਤੁਸੀਂ ਰੱਬ'ਚ ਪ੍ਰਗਟ ਹੋ ਜਾਓਗੇ ਅਤੇ ਰੱਬ ਤੁਹਾਡੇ ਨਾਲ ਹੋਵੇਗਾ ਅਤੇ ਉਹ ਘਰ ਬਰਕਤਾਂ ਨਾਲ ਭਰਪੂਰ ਹੋਵੇਗਾ ਜਿਸ ਵਿੱਚ ਤੁਸੀਂ ਵਸਦੇ ਹੋਵੋਗੇ ਅਤੇ ਉਹਨਾਂ ਕੰਧਾਂ ਤੇ ਰੱਬ ਦੀ ਰਹਿਮਤ ਹੋਵੇਗੀ ਜੋ ਤੁਹਾਡੇ ਘਰ ਦੀਆਂ ਕੰਧਾ ਹਨ ਅਤੇ ਉਹ ਸ਼ਹਿਰ ਬਰਕਤਾਂ ਭਰਪੂਰ ਹੋਵੇਗਾ ਜਿੱਥੇ ਅਜਿਹਾ ਵਿਅਕਤੀ ਰਹਿੰਦਾ ਹੋਵੇਗਾ । ਜੇਕਰ ਤੁਹਾਡਾ ਜੀਵਨ , ਤੁਹਾਡੀ ਮੌਤ, ਤੁਹਾਡੀ ਹਰ ਇਕ ਕਿਰਿਆ, ਤੁਹਾਡੀ ਨਰਮੀ ਤੇ ਗਰਮੀ ਕੇਵਲ ਰੱਬ ਲਈ ਹੋ ਜਾਇਗੀ ਅਤੇ ਹਰ ਇਕ ਔਕੜ, ਮੁਸੀਬਤ ਤੇ ਦੁੱਖ ਸਮੇਂ ਤੁਸੀਂ ਰੱਬ ਦੀ ਪ੍ਰੀਖਿਆ ਨਹੀਂ ਕਰੋਗੇ ਅਤੇ ਸੰਬੰਧ ਨਹੀਂ ਤੋੜੋਗੇ, ਸਗੋਂ ਕਦਮ ਅੱਗੇ ਵਧਾਓਗੇ ਤਾਂ ਮੈਂ ਸੱਚ ਸੱਚ ਕਹਿੰਦਾ ਹਾਂ ਕਿ ਤੁਸੀਂ ਰੱਬ ਦੀ ਇਕ ਵਿਸ਼ੇਸ਼ ਕੌਮ ਹੋ ਜਾਓਗੇ । ਤੁਸੀਂ ਵੀ ਮਨੁੱਖ ਹੋ ਜਿਵੇਂ ਕਿ ਮੈਂ ਮਨੁੱਖ ਹਾਂ । ਉਹੋ ਮੇਰਾ ਰੱਬ ਤੁਹਾਡਾ ਵੀ ਰੱਬ ਹੈ । ਸੋ, ਆਪਣੀਆਂ

ਪਵਿੱਤਰ ਸ਼ਕਤੀਆਂ ਨੂੰ ਨਸ਼ਟ ਨ ਕਰੋ । ਜੇਕਰ ਤੁਸੀਂ ਪੂਰੇ ਬਲ ਨਾਲ ਰੱਬ ਵੱਲ ਆਓਗੇ ਤਾਂ ਮੈਂ ਉਸਦੀ ਇੱਛਿਆ ਅਨੁਸਾਰ ਤੁਹਾਨੂੰ ਕਹਿੰਦਾ ਹਾਂ ਕਿ ਤੁਸੀਂ ਰੱਬ ਦੀ ਇਕ ਨੇਕ ਕੌਮ ਹੋ ਜਾਓਗੇ । ਰੱਬ ਦੀ ਵੱਡਿਆਈ ਆਪਣੇ ਮਨਾਂ ਵਿੱਚ ਬਿਠਾਓ ਅਤੇ ਉਸਦੇ ਇਕ ਹੋਣ ਦਾ ਪ੍ਰਣ ਨ ਕੇਵਲ ਆਪਣੀ ਜੀਭ ਰਾਹੀਂ ਸਗੋਂ ਆਪਣੇ ਵਿਵਹਾਰਕ ਰੂਪ ਵਿੱਚ ਵੀ ਕਰੋ ਤਾਂ ਜੋ ਰੱਬ ਵੀ ਅਮਲੀ ਰੂਪ ਵਿੱਚ ਆਪਣੀ ਕਿਰਪਾ ਅਤੇ ਉਪਕਾਰ ਤੁਹਾਡੇ 'ਤੇ ਪ੍ਰਗਟ ਕਰੇ । ਛਲ ਕਪਟ ਤੋਂ ਗੁਰੇਜ਼ ਕਰੋ । ਮਾਨਵਤਾ ਨਾਲ ਸੱਚੀ ਹਮਦਰਦੀ ਕਰੋ । ਹਰ ਇਕ ਨੇਕ ਮਾਰਗ ਨੂੰ ਅਪਣਾਓ । ਨ ਜਾਣੇ ਕਿਹੜੇ ਮਾਰਗ ਰਾਹੀਂ ਤੁਸੀਂ ਪ੍ਰਵਾਨ ਕੀਤੇ ਜਾਓ ।

ਤੁਹਾਨੂੰ ਖ਼ੁਸ਼ਖ਼ਬਰੀ ਹੋਵੇ ਕਿ (ਰੱਬ ਦੀ) ਨੇੜ੍ਹਤਾ ਪਾਉਣ ਦਾ ਮੈਦਾਨ ਖਾਲੀ ਹੈ । ਹਰ ਇਕ ਕੌਮ ਦੁਨੀਆ ਨਾਲ ਪ੍ਰੇਮ ਕਰ ਰਹੀ ਹੈ ਅਤੇ ਉਹ ਗੱਲ, ਜਿਸ ਤੋਂ ਰੱਬ ਰਾਜ਼ੀ ਹੋਵੇ ਉਸ ਵੱਲ ਦੁਨੀਆ ਦਾ ਕੋਈ ਧਿਆਨ ਨਹੀਂ । ਉਹ ਲੋਕ ਜੋ ਪੂਰੇ ਬੱਲ ਨਾਲ ਇਸ ਬੂਹੇ 'ਚੋਂ ਦਾਖ਼ਲ ਹੋਣਾ ਚਾਹੁੰਦੇ ਹਨ, ਉਹਨਾਂ ਲਈ ਮੌਕਾ ਹੈ ਕਿ ਆਪਣੇ ਜੌਹਰ ਤੇ ਕਰਤਬ ਦਿਖਾਉਣ ਅਤੇ ਰੱਬ ਕੋਲੋਂ ਵਿਸ਼ੇਸ਼ ਪੁਰਸਕਾਰ ਪਾਉਣ ।

ਇਹ ਵਿਚਾਰ ਨ ਕਰੋ ਕਿ ਰੱਬ ਤੁਹਾਨੂੰ ਨਸ਼ਟ ਕਰ ਦੇਵੇਗਾ । ਤੁਸੀਂ ਰੱਬ ਦੇ ਹੱਥ ਦਾ ਇਕ ਬੀਜ ਹੋ ਜੋ ਧਰਤੀ 'ਚ ਬੀਜਿਆ ਗਿਆ, ਰੱਬ ਫ਼ਰਮਾਉਂਦਾ ਹੈ ਕਿ ਇਹ ਬੀ ਵਧੇਗਾ ਫੁੱਲੇਗਾ ਅਤੇ ਹਰ ਇਕ ਪਾਸੇ ਇਸ ਦੀਆਂ ਸ਼ਾਖ਼ਾਵਾਂ ਫੈਲਣਗੀਆਂ ਅਤੇ ਇਕ ਵਡੱਾ ਰੁੱਖ ਬਣ ਜਾਵੇਗਾ । ਸੋ, ਮੁਬਾਰਕ ਹਨ ਉਹ ਜੋ ਰੱਬ ਦੀ ਗੱਲ 'ਤੇ ਈਮਾਨ ਰਖੱਦੇ ਹਨ ਅਤੇ ਵਿਚਕਾਰ ਆਉਣ ਵਾਲੀਆਂ ਔਕੁੜਾਂ ਤੋਂ ਨਹੀਂ ਡਰਦੇ ਹਨ, ਕਿਉਂਕਿ ਔਕੁੜਾਂ ਦਾ ਆਉਣਾ ਵੀ ਜ਼ਰੂਰੀ ਹੈ, ਤਾਂ ਜੋ ਰੱਬ ਤੁਹਾਡੀ ਪ੍ਰੀਖਿਆ ਕਰੇ ਕਿ ਕੌਣ ਆਪਣੇ ਬੈਅਤ ਦੇ ਪ੍ਰਣ ਵਿੱਚ ਸਚੱਾ ਤੇ ਕੌਣ ਝੂਠਾ ਹੈ । ਜੋ ਕਿਸੇ ਔਕੁੜ ਸਮੇਂ ਡਗਮਗਾਇਗਾ ਉਹ ਕੁਝ ਵੀ ਰੱਬ ਦਾ ਹਾਣ ਨਹੀਂ ਕਰੇਗਾ ਅਤੇ ਉਸਦਾ ਦੁਰਭਾਗ ਉਸਨੂੰ ਨਰਕ ਤੱਕ ਪਹੁੰਚਾਇਗਾ । ਜੇਕਰ ਉਹ ਜਨਮ ਨ ਲੈਂਦਾ ਤਾਂ ਉਸਦੇ ਲਈ ਚੰਗਾ ਸੀ । ਪਰ ਉਹ ਸਾਰੇ ਲੋਕ ਜੋ ਅੰਤ ਤੱਕ ਸੰਤੋਖ ਕਰਨਗੇ ਅਤੇ ਉਹਨਾਂ 'ਤੇ ਔਕੁੜਾਂ ਦੇ ਭੁਕੰਪ ਆਉਣਗੇ,

ਘਟਨਾਵਾਂ ਦੇ ਝਖੱੜ ਝੂਲਣਗੇ, ਕੌਮਾਂ ਹਾਸੇ ਠੱਠੇ ਕਰਨਗੀਆਂ ਅਤੇ ਦੁਨੀਆਦਾਰ ਉਹਨਾਂ ਤੋਂ ਅਤਿਅੰਤ ਘ੍ਰਿਣਾ ਨਾਲ ਵਰਤਾਉ ਕਰਨਗੇ, ਪਰ ਅੰਤ ਨੂੰ ਉਹੋ ਵਿਜੇਈ ਹੋਣਗੇ ਅਤੇ ਬਰਕਤਾਂ ਦੇ ਬੂਹੇ ਉਹਨਾਂ'ਤੇ ਖੋਲੇ ਜਾਣਗੇ ।

ਰੱਬ ਨੇ ਮੈਂਨੂੰ ਸੰਬੋਧਨ ਕਰਕੇ ਫ਼ਰਮਾਇਆ ਹੈ ਕਿ ਮੈਂ ਆਪਣੀ ਜਮਾਤ ਨੂੰ ਸੂਚਨਾ ਦਿਆਂ ਕਿ ਜੋ ਲੋਕ ਈਮਾਨ ਲਿਆਏ ਅਜਿਹਾ ਈਮਾਨ ਜਿਸ ਵਿੱਚ ਦੁਨੀਆਦਾਰੀ ਦੀ ਕੋਈ ਮਿਲਾਵਟ ਨਹੀਂ ਅਤੇ ਉਹ ਈਮਾਨ ਪਖੰਡਾ (ਕਪਟ) ਜਾਂ ਬੁਜ਼ਦਿਲੀ ਤੋਂ ਦੂਸ਼ਿਤ ਨਹੀਂ, ਉਹ ਈਮਾਨ ਆਗਿਆਕਾਰੀ ਦੇ ਕਿਸੇ ਵੀ ਦਰਜੇ ਤੋਂ ਵਾਂਜਿਆ ਨਹੀਂ, ਅਜਿਹੇ ਲੋਕ ਰੱਬ ਦੇ ਪਿਆਰੇ ਲੋਕ ਹਨ । ਰੱਬ ਫ਼ਰਮਾਉਂਦਾ ਹੈ ਕਿ ਉਹੋ ਹਨ ਜਿੰਨ੍ਹਾ ਦੇ ਕਦਮ ਸਚੱਾਈ ਦੇ ਕਦਮ ਹਨ ।

ਹੇ ਸੁਨਣ ਵਾਲਿਓ, ਸੁਣੋ ! ਕਿ ਰੱਬ ਤੁਹਾਥੋ ਕੀ ਚਾਹੁੰਦਾ ਹੈ, ਕੇਵਲ ਇਹੋ ਕਿ ਤੁਸੀਂ ਉਸੇ ਦੇ ਹੋ ਜਾਓ । ਉਸਦੇ ਨਾਲ ਕਿਸੇ ਨੂੰ ਵੀ ਸ਼ਰੀਕ ਨ ਬਣਾਓ । ਨ ਅਕਾਸ਼ ਵਿੱਚ ਨ ਧਰਤੀ ਵਿੱਚ । ਸਾਡਾ ਉਹ ਰੱਬ ਹੈ ਜੋ ਹੁਣ ਵੀ ਜੀਉਦਾ ਹੈ ਜਿਵੇਂ ਕਿ ਪਹਿਲਾਂ ਜੀਉਦਾ ਸੀ, ਉਹ ਹੁਣ ਵੀ ਬੋਲਦਾ ਹੈ ਜਿਵੇਂ ਕਿ ਪਹਿਲਾਂ ਬੋਲਦਾ ਸੀ । ਉਹ ਹੁਣ ਵੀ ਸੁਣਦਾ ਹੈ ਜਿਵੇਂ ਕਿ ਪਹਿਲਾਂ ਸੁਣਦਾ ਸੀ । ਇਹ ਵਿਚਾਰ ਉੱਕਾ ਹੀ ਗ਼ਲਤ ਹੈ ਕਿ ਇਸ ਜੁੱਗ ਵਿੱਚ ਉਹ ਸੁਣਦਾ ਤਾਂ ਹੈ ਪਰ ਬੋਲਦਾ ਨਹੀਂ, ਸਗੋਂ ਉਹ ਸੁਣਦਾ ਵੀ ਤੇ ਬੋਲਦਾ ਵੀ ਹੈ । ਉਸ ਦੀਆਂ ਸਾਰੀਆਂ ਸਿਫ਼ਤਾਂ (ਗੁਣ) ਅਨਾਦਿ ਤੇ ਅਨੰਤ ਹਨ । ਕੋਈ ਗੁਣ ਵੀ ਟੱਲਿਆ ਨਹੀਂ ਅਤੇ ਨ ਹੀ ਕਦੇ ਟਲੇਗਾ । ਉਹ ਉਹੋ ਵਾਹਿਦ ਲਾ ਸ਼ਰੀਕ ਹੈ ਜਿਸ ਦਾ ਕੋਈ ਪੁਤੱਰ ਨਹੀਂ, ਜਿਸਦੀ ਕੋਈ ਪਤਨੀ ਨਹੀਂ, ਉਹ ਉਹੋ ਲਾ ਸਾਨੀ (ਅਦੁੱਤੀ) ਹੈ ਜਿਸਦਾ ਕੋਈ ਸਾਨੀ ਨਹੀਂ, ਜਿਸਦੇ ਵਾਂਙ ਕੋਈ ਵਿਅਕਤੀ ਕਿਸੇ ਵਿਸ਼ੇਸ਼ ਗੁਣ ਲਈ ਵਿਸ਼ਿਸ਼ਟ ਨਹੀਂ, ਜਿਸਦਾ ਕੋਈ ਹਾਣੀ ਨਹੀਂ, ਜਿਸਦਾ ਕੋਈ ਸਮਗੁਣ ਤੇ ਸਮਰੂਪ ਨਹੀਂ, ਜਿਸਦੀ ਕੋਈ ਵੀ ਸ਼ਕਤੀ ਘੱਟ ਨਹੀਂ, ਉਹ ਦੂਰ ਹੁੰਦਿਆਂ ਹੋਇਆਂ ਵੀ ਨੇੜੇ ਹੈ ਤੇ ਨੇੜੇ ਹੁੰਦਿਆਂ ਹੋਇਆਂ ਵੀ ਦੂਰ ਹੈ, ਉਹ ਉਦਾਹਰਣ ਲਈ ਆਪਣੇ ਆਪ ਨੂੰ ਦੈਵੀ ਗਿਆਨ ਵਾਲਿਆਂ ਤੇ ਆਪਣੇ ਆਪ ਨੂੰ ਪ੍ਰਗਟ ਕਰ ਸਕਦਾ ਹੈ, ਪਰ ਇਸ ਦੇ ਲਈ ਨ ਕੋਈ ਸ਼ਰੀਰ ਹੈ ਅਤੇ ਨ ਕੋਈ ਸ਼ਕਲ । ਉਹ ਸਭ ਤੋਂ ਉਪੱਰ ਹੈ ਪਰ ਨਹੀਂ ਆਖ ਸਕਦੇ ਕਿ ਉਸਦੇ ਹੇਠਾਂ ਕੋਈ ਹੋਰ ਵੀ

ਹੈ, ਉਹ ਅਰਸ਼ 'ਤੇ ਹੈ, ਪਰ ਨਹੀਂ ਆਖ ਸਕਦੇ ਕਿ ਉਹ ਧਰਤੀ 'ਤੇ ਨਹੀਂ ਹੈ । ਉਹ ਇਕੱਠ ਹੈ ਸੰਪੂਰਨ ਗੁਣਾ ਦਾ, ਉਹ ਨੂਰ (ਪ੍ਰਕਾਸ਼) ਹੈ ਸਾਰੀਆਂ ਪ੍ਰਸ਼ੰਸਾ ਯੋਗ ਹਕੀਕਤਾਂ ਦਾ, ਉਹ ਸੋਮਾਂ ਹੈ ਸਾਰੀਆਂ ਖ਼ੂਬੀਆਂ ਦਾ, ਉਹ ਸਮੁਦਾਇ ਹੈ ਸਾਰੀਆਂ ਸ਼ਕਤੀਆਂ ਦਾ, ਉਹ ਸੋਮਾ (ਸ੍ਰੋਤ) ਹੈ ਸਾਰਿਆਂ ਵਰਦਾਨਾ ਦਾ, ਉਹ ਹਰ ਇਕ ਚੀਜ਼ ਦੇ ਪਰਤਨ ਦਾ ਸਥਲ ਹੈ । ਉਹ ਮਾਲਕ ਹੈ ਹਰ ਇਕ ਮੁਲਕ (ਦੇਸ਼) ਦਾ, ਅਤੇ ਗੁਣਵਾਨ ਹੈ ਹਰ ਇਕ ਪੂਰਨਤਾ ਦਾ, ਅਤੇ ਪਵਿੱਤਰ ਹੈ ਹਰ ਇਕ ਔਗੁਣ ਤੇ ਜ਼ੋਫ਼ (ਕਮਜ਼ੋਰੀ) ਤੋਂ, ਅਤੇ ਵਿਸ਼ੇਸ਼ ਹੈ ਹਰ ਇਕ ਕਾਰਜ ਵਿੱਚ ਕਿ ਧਰਤੀ ਵਾਲੇ ਅਤੇ ਅਕਾਸ਼ ਵਾਲੇ ਉਸੇ ਦੀ ਬੰਦਗੀ ਕਰਨ, ਅਤੇ ਉਸਦੇ ਅੱਗੇ ਕੋਈ ਗੱਲ ਅਣਹੋਣੀ ਨਹੀਂ । ਸਾਰੀਆਂ ਆਤਮਾਵਾਂ ਅਤੇ ਉਹਨਾਂ ਦੀਆਂ ਸ਼ਕਤੀਆਂ ਅਤੇ ਕਣ ਕਣ ਤੇ ਉਹਨਾਂ ਦੀਆਂ ਸ਼ਕਤੀਆਂ ਉਸਦੀ ਉਤਪੱਤੀ ਹਨ । ਉਸ ਤੋਂ ਬਿਨਾਂ ਕੋਈ ਚੀਜ਼ ਪ੍ਰਗਟ ਨਹੀਂ ਹੁੰਦੀ । ਉਹ ਆਪਣੀਆਂ ਸ਼ਕਤੀਆਂ, ਕੁਦਰਤਾਂ ਅਤੇ ਚਮਤਕਾਰਾਂ ਰਾਹੀਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਅਤੇ ਉਸ ਨੂੰ ਉਸੇ ਰਾਹੀਂ ਹੀ ਅਸੀਂ ਪ੍ਰਾਪਤ ਕਰ ਸਕਦੇ ਹਾਂ । ਉਹ ਆਪਣਾ ਵਜੂਦ ਸੱਚਿਆਂ ਉਪੱਰ ਪ੍ਰਗਟ ਰਹਿੰਦਾ ਹੈ, ਆਪਣੀਆਂ ਕੁਦਰਤਾਂ ਉਹਨਾਂ ਨੂੰ ਦਿਖਾਉਂਦਾ ਹੈ । ਇਸੇ ਰਾਹੀਂ ਹੀ ਉਹ ਪਛਾਣਿਆਂ ਜਾਂਦਾ ਹੈ ਅਤੇ ਇਸੇ ਰਾਹੀਂ ਹੀ ਉਸਦੇ ਪਸੰਦੀਦਾ ਮਾਰਗ ਦੀ ਪਛਾਣ ਹੁੰਦੀ ਹੈ ।

ਉਹ ਦੇਖਦਾ ਹੈ ਬਿਨਾਂ ਸ਼ਰੀਰਕ ਅੱਖਾਂ ਦੇ, ਉਹ ਸੁਣਦਾ ਹੈ ਬਿਨਾਂ ਸ਼ਰੀਰਕ ਕੰਨਾਂ ਦੇ, ਉਹ ਬੋਲਦਾ ਹੈ ਬਿਨਾਂ ਸ਼ਰੀਰਕ ਜੀਭ ਦੇ, ਇਸੇ ਪ੍ਰਕਾਰ ਅਣਹੋਂਦ ਤੋਂ ਹੋਂਦ ਵਿੱਚ ਲਿਆਉਣਾ ਉਸਦਾ ਕੰਮ ਹੈ । ਜਿਵੇਂ ਕਿ ਤੁਸੀਂ ਸੁਪਨੇ ਦੇ ਦ੍ਰਿਸ਼ ਵਿੱਚ ਦੇਖਦੇ ਹੋ ਬਿਨਾਂ ਕਿਸੇ ਵਜੂਦ ਦੇ ਇਕ ਦੁਨੀਆ ਪੈਦਾ ਕਰ ਦੇਂਦਾ ਹੈ ਅਤੇ ਹਰ ਇਕ ਨਾਸ਼ਵਾਨ ਅਤੇ ਗੁਪਤ ਨੂੰ ਵਿਦਮਾਨ ਦਿਖਾ ਦੇਂਦਾ ਹੈ । ਇਸ ਲਈ, ਇਸੇ ਪ੍ਰਕਾਰ ਉਸ ਦੀਆਂ ਸਾਰੀਆਂ ਕੁਦਰਤਾਂ ਹਨ । ਮੂਰਖ ਹੈ ਉਹ ਜੋ ਉਸ ਦੀਆਂ ਕੁਦਰਤਾਂ ਦਾ ਇਨਕਾਰੀ ਹੈ । ਅੰਨ੍ਹਾ ਹੈ ਉਹ ਜੋ ਉਸ ਦੀਆਂ ਸੂਖਮ ਸ਼ਕਤੀਆਂ ਤੋਂ ਅਣਜਾਣ ਹੈ । ਉਹ ਸਭ ਕੁਝ ਕਰਦਾ ਹੈ ਅਤੇ ਕਰ ਸਕਦਾ ਹੈ, ਸਿਵਾਏ ਉਹਨਾਂ ਕਾਰਜਾਂ ਦੇ ਜੋ ਉਸਦੀ ਸ਼ਾਨ ਤੇ ਮਹਾਨਤਾ ਦੇ ਵਿਰੁਧ ਹਨ ਜਾਂ ਉਸਦੇ ਕੀਤੇ ਹੋਏ ਵਾਦਿਆਂ (ਬਚਨਾਂ) ਦੇ ਵਿਰੁਧ ਹੈ । ਉਹ ਆਪਣੇ ਆਪ ਵਿੱਚ

ਇਕਲੱਾ ਹੈ, ਆਪਣੇ ਗੁਣਾ, ਕਾਰਜਾਂ, ਵੱਡਿਆਈ ਅਤੇ ਕੁਦਰਤਾਂ ਵਿੱਚ । ਉਸ ਤੱਕ ਪਹੁੰਚਣ ਲਈ ਸਾਰੇ ਬੂਹੇ ਬੰਦ ਹਨ, ਪਰ ਇਕ ਬੂਹਾ ਜੋ ,,ਕੁਰਆਨ ਮਜੀਦ`` ਨੇ ਖੋਲਿਆ ਹੈ । ਸਾਰੀਆਂ ਨਬੁਵੱਤਾਂ ਅਤੇ ਸਾਰੀਆਂ ਕਿਤਾਬਾਂ (ਧਰਮ ਗ੍ਰੰਥ) ਜੋ ਪਹਿਲਾਂ ਲੰਘ ਚੁੱਕੀਆਂ ਹਨ, ਉਹਨਾਂ ਦੀ ਵੱਖੋ ਵੱਖਰੀ ਪੈਰ੍ਹਵੀ ਕਰਨ ਦੀ ਲੋੜ ਨਹੀਂ ਰਹੀ, ਕਿਉਂਕਿ ਨਬੁਵੱਤੇ ਮੁਹਮੱਦੀਆ (ਹਜ਼ਰਤ ਮੁਹਮੱਦ ਸਲੱਲੱਾਹੋ ਅਲੈਹਿ ਵਸਲਮ ਦਾ ਅਵਤਾਰੀਕਰਨ) ਉਹਨਾਂ ਸਾਰਿਆਂ ਉਪੱਰ ਅਧਾਰਤ ਤੇ ਵਿਆਪਕ ਹੈ, ਇਸ ਲਈ ਸਿਵਾਏ ਇਸਦੇ ਸਾਰੇ ਦੇ ਸਾਰੇ ਮਾਰਗ ਬੰਦ ਹਨ । ਸਾਰੀਆਂ ਸਚੱਾਈਆਂ ਜੋ ਰੱਬ ਤੱਕ ਪਹੁੰਚਾਉਂਦੀਆਂ ਹਨ ਇਸੇ ਦੇ ਅੰਦਰ ਹਨ । ਨ ਇਸ ਤੋਂ ਮਗਰੋਂ ਕੋਈ ਨਵੀਂ ਸਚੱਾਈ ਆਏਗੀ ਅਤੇ ਨ ਹੀ ਇਸ ਤੋਂ ਪਹਿਲਾਂ ਕੋਈ ਅਜਿਹੀ ਸਚੱਾਈ ਸੀ ਜੋ ਇਸ ਵਿੱਚ ਵਿਦਮਾਨ ਨਹੀਂ । ਇਸ ਲਈ ਇਸ ਨਬੁਵੱਤ`ਤੇ ਸਾਰੀਆਂ ਨਬੁਵੱਤਾਂ ਦਾ ਖ਼ਾਤਮਾ ਹੈ ਅਤੇ ਹੋਣਾ ਚਾਹੀਦਾ ਸੀ, ਕਿਉਕਿ ਜਿਸਦਾ ਆਦਿ ਹੈ ਉਸਦਾ ਇਕ ਅੰਤ ਵੀ ਹੈ । ਪਰ ਇਹ ਨਬੁਵੱਤੇ ਮੁਹਮੱਦੀਆ ਆਪਣੇ ਵਿਅਕਤੀਗਤ ਲਾਭ ਪਹੁੰਚਾਉਣ ਤੋਂ ਅਸਮਰਥ ਨਹੀਂ ਸਗੋਂ ਸਾਰੀਆਂ ਨਬੁਵੱਤਾਂ ਤੋਂ ਵੱਧ ਲਾਹੇਵੰਦ ਹੈ । ਇਸ ਨਬੁਵੱਤ ਦੀ ਪੈਰ੍ਹਵੀ ਖ਼ੁਦਾ ਤੱਕ ਬਹੁਤ ਹੀ ਸੌਖੇ ਢੰਗ ਨਾਲ ਪਹੁੰਚਾ ਦੇਂਦੀ ਹੈ । ਇਸ ਦੀ ਪੈਰ੍ਹਵੀ ਨਾਲ ਰੱਬ ਦੇ ਪ੍ਰੇਮ ਅਤੇ ਵਾਰਤਾਲਾਪ ਤੇ ਸੰਬੋਧਨ ਦਾ ਉਸ ਤੋਂ ਵੱਧ ਪੁਰਸਕਾਰ ਮਿਲ ਸਕਦਾ ਹੈ ਜੋ ਪਹਿਲਾਂ ਮਿਲਦਾ ਸੀ । ਉਸਦਾ ਪੂਰਨ ਸ਼ਰਧਾਲੂ ਕੇਵਲ ਨਬੀ ਨਹੀਂ ਅਖਵਾ ਸਕਦਾ, ਕਿਉਂਕਿ ਇਸ ਵਿੱਚ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਕਾਮਲ ਨਬੁਵੱਤ ਦਾ ਇਸ ਵਿੱਚ ਅਪਮਾਨ ਹੈ । ਹਾਂ, ਉਮੱਤੀ ਅਤੇ ਨਬੀ ਦੋਵੇਂ ਸ਼ਬਦ ਇਕੱਠਿਆਂ ਇਸ ਅਵਸਥਾ ਵਿੱਚ ਲਾਗੂ ਹੋ ਸਕਦੇ ਹਨ, ਕਿਉਂਕਿ ਇਸ ਵਿੱਚ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਕਾਮਲ ਨਬੁਵੱਤ ਦਾ ਕੋਈ ਅਪਮਾਨ ਨਹੀਂ, ਸਗੋਂ ਇਸ ਨਬੁਵੱਤ ਦੀ ਚਮਕ ਅਤੇ ਇਸ ਉਦਾਰਤਾ ਬਹੁਤੀ ਪ੍ਰਗਟ ਹੁੰਦੀ ਹੈ[1] । ਜੱਦ ਕਿ ਉਹ ਇਲਾਹੀ ਬਾਣੀ (ਵਾਰਤਾ ਤੇ

---

[1] ਇਸ ਦੇ ਹੁੰਦਿਆਂ ਹੋਇਆਂ ਇਹ ਵਿਸ਼ੇਸ਼ ਰੂਪ ਵਿੱਚ ਚੇਤੇ ਰਖੱਣਾ ਚਾਹੀਦਾ ਹੈ ਕਿ ਨਬੁਵੱਤੇ ਤਸ਼ਰੀਈ (ਨਵੀਂ ਸ਼ਰੀਅਤ ਵਾਲੀ ਨਬੁਵੱਤ) ਆਂਹਜ਼ਰਤ ਸਲਲੱਾਹੋ ਅਲੈਹਿ ਵਸਲਮ ਦੇ

ਸੰਬੋਧਨ) ਆਪਣੀ ਅਵਸਥਾ ਤੇ ਮਾਤਰਾ ਦੇ ਪੱਖੋਂ ਅਤਿਅੰਤ ਦਰਜੇ'ਤੇ ਪਹੁੰਚ ਜਾਏ ਅਤੇ ਉਸ ਵਿੱਚ ਕੋਈ ਮੈਲ ਤੇ ਘਾਟ ਬਾਕੀ ਨ ਹੋਵੇ ਅਤੇ ਖੁੱਲੇ ਤੌਰ'ਤੇ ਆਪਣੇ ਗ਼ੈਬ ਦੀਆਂ ਗੱਲਾਂ ਉਪੱਰ ਨਿਰਭਰ ਹੋਵੇ ਤਾਂ ਉਹੋ ਹੀ ਹੋਰਨਾ ਸ਼ਬਦਾਂ ਵਿੱਚ ਨਬੁਵੱਤ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ ਜਿਸ'ਤੇ ਸਾਰਿਆਂ ਨਬੀਆਂ ਦੀ ਸਹਿਮਤਿ ਹੈ। ਸੋ, ਇਹ ਸੰਭਵ ਨਹੀਂ ਸੀ ਕਿ ਉਹ ਕੌਮ ਜਿਸ ਦੇ ਲਈ ਫ਼ਰਮਾਇਆ ਗਿਆ ਸੀ ਕਿ,

(كُنْتُمْ خَيْرَ أُمَّةٍ أُخْرِجَتْ لِلنَّاسِ (آل عمران 111)

ਕੁੰਤੁਮ ਖ਼ੈਰਾ ਉਮੱਾਤਿਨ ਉਖ਼ਰੇਜਤ ਲਿਨੱਾਸ । (ਆਲੇ ਇਮਰਾਨ – **111**)

ਜਿੰਨ੍ਹਾ ਲਈ ਇਹ ਦੁਆ ਸਿਖਾਈ ਗਈ ਕਿ,

(اهْدِنَا الصِّرَاطَ الْمُسْتَقِيمَ ۝ صِرَاطَ الَّذِينَ أَنْعَمْتَ عَلَيْهِمْ } (الفاتحة 7)

ਇਹਦਿਨਸ ਸਿਰਾਤਲ ਮੁਸਤਕੀਮਾ, ਸਿਰਾਤਲ ਲਜ਼ੀਨਾ ਅਨਅਮਤਾ ਅਲੈਹਿਮ (ਫ਼ਾਤਿਹਾ – **6,7**)

ਉਹਨਾਂ ਦੇ ਸਾਰੇ ਵਿਅਕਤੀ ਇਸ ਮਹਾਨਤਮ ਮਰਤਬੇ ਤੋਂ ਵਾਂਝੇ ਰਹਿੰਦੇ ਅਤੇ ਕੋਈ ਇਕ ਵੀ ਇਸ ਰੁਤਬੇ ਨੂੰ ਨ ਪ੍ਰਾਪਤ ਕਰਦਾ । ਅਜਿਹੀ ਅਵਸਥਾ ਵਿੱਚ ਕੇਵਲ ਇਹੋ ਖ਼ਰਾਬੀ ਨਹੀਂ ਸੀ ਕਿ ਉਮੱਤੇ ਮੁਹਮੱਦੀਆ ਨਾਕਸ ਤੇ ਅਪੂਰਨ ਰਹਿੰਦੀ ਸਗੋਂ ਸਾਰੇ ਦੇ ਸਾਰੇ ਅੰਨ੍ਹਿਆਂ ਵਾਂਗ ਰਹਿੰਦੇ, ਸਗੋਂ ਇਹ ਵੀ ਨੁਕਸ ਸੀ ਕਿ ਆਂਹਜ਼ਰਤ ਸਲਲੱਾਹੋ ਅਲੈਹਿ ਵਸਲਮ ਦੀਆਂ ਉਦਾਰਤਾ ਪੂਰਨ ਸ਼ਕਤੀਆਂ ਉਪੱਰ ਦਾਗ਼ ਲਗਦਾ ਸੀ ਅਤੇ ਆਪ ਦੀਆਂ ਪਵਿੱਤਰ ਸ਼ਕਤੀਆਂ ਢਿੱਲੀਆਂ ਤੇ ਅਧੂਰੀਆਂ ਰਹਿੰਦੀਆਂ ਸਨ । ਇਸ ਦੇ ਨਾਲ ਹੀ ਉਹ ਦੁਆ ਜਿਸਦੀ ਪੰਜ ਵੇਲੇ ਨਮਾਜ਼ ਵਿੱਚ ਪੜ੍ਹਨ ਦੀ ਸਿੱਖਿਆ ਦਿੱਤੀ ਗਈ ਹੈ ਉਸਦਾ ਸਿਖਾਉਣਾ ਵੀ ਵਿਅਰਥ ਹੀ ਰਹਿੰਦਾ । ਪਰ ਇਸਦੇ ਦੂਜੇ ਪਾਸੇ ਇਹ ਵੀ

ਬਾਦ ਉਕੱਾ ਹੀ ਬੰਦ ਹੈ । ਕੁਰਆਨ ਮਜੀਦ ਦੇ ਬਾਦ ਕੋਈ ਕਿਤਾਬ ਨਹੀਂ ਜੋ ਨਵੇਂ ਆਦੇਸ਼ (ਨੀਯਮ) ਸਿਖਾਏ ਜਾਂ ਕੁਰਆਨ ਮਜੀਦ ਦੇ ਹੁਕੁਮ ਮਨਸੂਖ਼ ਕਰੇ ਜਾਂ ਉਸ ਦੀ ਪੈਰ੍ਹਵੀ'ਤੇ ਰੋਕ ਲਗਾਏ, ਸਗੋਂ ਇਸ ਦਾ ਅਮਲ (ਚਲਨ) ਕਯਾਮਤ ਤੱਕ ਹੈ ।

ਖਰਾਬੀ ਸੀ ਕਿ ਜੇਕਰ ਇਹ ਰੁਤਬਾ ਕੌਮ ਦੇ ਕਿਸੇ ਵਿਅਕਤੀ ਨੂੰ ਸਿੱਧੇ ਤੌਰ 'ਤੇ ਬਿਨਾਂ ਨੂਰੇ ਨਬੁਵੱਤੇ ਮੁਹਮੱਦੀਆ (ਹਜ਼ਰਤ ਮੁਹਮੱਦ ਸਲਲੱਾਹੋ ਅਲੈਹਿ ਵਸਲਅਮ ਦੀ ਨਬੁਵੱਤ ਦੇ ਨੂਰ) ਦੀ ਪੈਰ੍ਹਵੀ ਦੇ ਮਿਲ ਸਕਦਾ ਤਾਂ ਖ਼ਤਮੇ ਨਬੁਵੱਤ ਦੇ ਅਰਥ ਹੀ ਝੂਠੇ (ਗ਼ਲਤ) ਹੁੰਦੇ ਸਨ । ਸੋ ਇਹਨਾਂ ਦੋਹਾਂ ਖ਼ਰਾਬੀਆਂ ਤੋਂ ਸੁੱਰਖਿਅਤ ਰਖੱਣ ਲਈ ਅਲੱਾਹ ਤਆਲਾ ਨੇ ਇਲਾਹੀ ਕਲਾਮ, ਸੰਬੋਧਨ, ਸ਼ੁੱਧ, ਪਵਿਤੱਰ ਅਤੇ ਸੰਪੂਰਨ ਵਾਰਤਾ ਦੀ ਪ੍ਰਤਿਸ਼ਠਾ ਅਜਿਹੇ ਕੁਝ ਮਨੁੱਖਾਂ ਨੂੰ ਪ੍ਰਦਾਨ ਕੀਤੀ ਜੋ ਰਸੂਲੁਲੱਾਹ ਸਲਲੱਾਹੋ ਅਲੈਹਿ ਵਸਲਅਮ ਲਈ ਆਪਣੀ ਜਾਨ ਨਿਛਾਵਰ ਕਰ ਦੇਣ ਦੀ ਅਵਸਥਾ ਤੱਕ ਪੂਰਨ ਦਰਜੇ'ਤੇ ਪਹੁੰਚ ਗਏ ਅਤੇ ਵਿਚਕਾਰ ਕੋਈ ਪਰਦਾ ਨ ਰਿਹਾ । ਅਤੇ ਉਮੱਤੀ ਹੋਣ ਦਾ ਭਾਵ ਤੇ ਪੈਰ੍ਹਵੀ ਦੇ ਅਰਥ ਉਹਨਾਂ ਵਿੱਚ ਪੂਰਨਤਾ ਤੇ ਉਚੱਕੋਟਿ ਦੇ ਪਾਏ ਗਏ, ਅਜਿਹੇ ਤੌਰ'ਤੇ ਕਿ ਉਹਨਾਂ ਦਾ ਵਜੂਦ ਆਪਣਾ ਵਜੂਦ ਨ ਰਿਹਾ, ਸਗੋਂ ਉਹਨਾ ਦੀ ਲੀਨਤਾ ਦੇ ਦਰਪਨ ਵਿੱਚ ਆਂਹਜ਼ਰਤ ਸਲਲੱਾਹੋ ਅਲੈਹਿ ਵਸਲਅਮ ਦਾ ਵਜੂਦ ਪ੍ਰਤੀਬਿੰਬ ਬਣ ਗਿਆ ਅਤੇ ਦੂਜੇ ਪਾਸੇ ਸੰਪੂਰਨਤਾ ਤੇ ਕਾਮਲ ਤੌਰ'ਤੇ ਇਲਾਹੀ ਕਲਾਮ ਤੇ ਸੰਬੋਧਨ ਅਵਤਾਰਾਂ ਵਾਂਙ ਉਹਨਾਂ ਨੂੰ ਨਸੀਬ ਹੋਇਆ ।

ਸੋ, ਇਸ ਪ੍ਰਕਾਰ ਕੁਝ ਮਨੁਖੱਾਂ ਨੇ ਉਮੱਤੀ ਹੁੰਦਿਆਂ ਹੋਇਆਂ ਵੀ ਨਬੀ ਹੋਣ ਦਾ ਰੁਤਬਾ ਪ੍ਰਾਪਤ ਕੀਤਾ । ਕਿਉਂਕਿ ਅਜਿਹੀ ਅਵਸਥਾ ਦੀ ਨਬੁਵੱਤ, ਨਬੁਵੱਤੇ ਮੁਹਮੱਦੀਆ ਤੋਂ ਵਖੱਰੀ ਨਹੀਂ ਸਗੋਂ ਜੇਕਰ ਗ਼ੌਰ ਨਾਲ ਦੇਖਿਆ ਜਾਵੇ ਤਾਂ ਉਹ ਆਪ ਹੀ ਨਬੁਵੱਤੇ ਮੁਹਮੱਦੀਆ ਹੀ ਹੈ ਜੋ ਇਕ ਨਵੇਂ ਢੰਗ ਨਾਲ ਪ੍ਰਗਟ ਹੋਈ ਹੈ । ਇਹੋ ਅਰਥ ਇਸ ਵਾਕ ਦੇ ਹਨ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਅਮ ਨੇ ਮਸੀਹ ਮੌਊਦ ਅਲੈਹਿ ਸਲਾਮ ਦੇ ਹੱਕ ਵਿੱਚ ਫ਼ਰਮਾਇਆ ਕਿ,: ( نَبِيُّ اللّٰهِ وَاِمَامُكُمْ مِنْكُمْ) ਨਬੀਯੁਲੱਾਹਿ ਵ ਇਮਾਮੁਕੁਮ ਮਿਨਕੁਮ । ਅਰਥਾਤ ਉਹ ਨਬੀ ਵੀ ਹੈ ਅਤੇ ਉਮੱਤੀ ਵੀ ਹੈ, ਵਰਨਾ ਕਿਸੇ ਹੋਰ ਨੂੰ ਇਸ ਥਾਂ ਪੈਰ੍ਹ ਰਖੱਣ ਦੀ ਥਾਂ ਨਹੀਂ । ਮੁਬਾਰਕ ਉਹ ਜੋ ਇਸ ਨੁਕਤੇ (ਭੇਦ) ਨੂੰ ਸਮਝੇ ਤਾਂ ਜੋ ਹਲਾਕ ਹੋਣ ਤੋਂ ਬਚ ਜਾਏ ।

ਈਸਾ ਅਲੈਹਿ ਸਲਾਮ ਨੂੰਰੱਬ ਨੇ ਮੌਤ ਦੇ ਦਿੱਤੀ , ਜਿਵੇਂ ਕਿ ਰੱਬ ਦੀ ਸਾਫ਼ ਤੇ ਸਪਸ਼ਟ ਅਇਤ,

(فَلَمَّا تَوَفَّيْتَنِي كُنْتَ أَنْتَ الرَّقِيبَ عَلَيْهِمْ (المائدة118

ਫ਼ਲਮੱਾ ਤਵੱਫ਼ੈਤਨੀ ਕੁੰਤਾ ਅੰਤਰ ਰਕੀਬਾ ਅਲੈਹਿਮ,(ਅਲ ਮਾਇਦਹ-118)

ਇਸ ਗਲ ਤੇ ਗਵਾਹ ਹੈ, ਜਿਸ ਦੇ ਅਰਥ ਸੰਬੰਧਤ ਆਇਤ ਦੇ ਨਾਲ ਇਹ ਹਨ ਕਿ ਰੱਬ ਕਯਾਮਤ ਵਿੱਚ ਈਸਾ ਨੂੰ ਪੁੱਛੇਗਾ ਕਿ ਕੀ ਤੂੰ ਹੀ ਆਪਣੀ ਉਮੱਤ ਨੂੰ ਇਹ ਸਿੱਖਿਆ ਦਿੱਤੀ ਸੀ ਕਿ ਮੈਨੂੰ ਅਤੇ ਮੇਰੀ ਮਾਂ ਨੂੰ ਰੱਬ ਕਰਕੇ ਮੰਨੋ ? ਤਾਂ ਉਹ ਉਤੱਰ ਦੇਣਗੇ ਕਿ ਜੱਦ ਤੱਕ ਮੈਂ ਉਹਨਾਂ ਵਿੱਚ ਸੀ ਉਨ੍ਹਾਂ ਚਿਰ ਉਹਨਾਂ ਤੇ ਗਵਾਹ ਸੀ ਅਤੇ ਉਹਨਾਂ ਦਾ ਨਿਗਰਾਨ ਸੀ, ਅਤੇ ਜੱਦ ਤੂੰ ਮੈਨੂੰ ਮੌਤ ਦੇ ਦਿੱਤੀ ਤਾਂ ਫਿਰ ਮੈਨੂੰ ਕੀ ਪਤਾ ਸੀ ਕਿ ਮੇਰੇ ਮਗਰੋਂ ਉਹ ਕਿਹੜੀ ਗੁਮਰਾਹੀ ਵਿੱਚ ਗ੍ਰਿੱਸੇ ਗਏ ।

ਹੁਣ ਜੇਕਰ ਕੋਈ ਚਾਹੇ ਤਾਂ ਆਇਤ ( فَلَمَّا تَوَفَّيْتَنِي) ਫ਼ਲਮੱਾ ਤਵਫ਼ੈਤਨੀ ਦੇ ਇਹ ਅਰਥ ਕਰੇ ਕਿ ਜੱਦ ਤੂੰ ਮੈਨੂੰ ਮੌਤ ਦੇ ਦਿੱਤੀ ਅਤੇ ਭਾਵੇਂ ਅਜਾਈਂ ਹੱਠ ਤੋਂ ਨ ਮੁੜਦਿਆਂ ਹੋਇਆਂ ਇਹ ਅਰਥ ਕਰੇ ਕਿ ਜੱਦ ਤੂੰ ਮੈਨੂੰ ਮੇਰੇ ਭੌਤਕ ਸ਼ਰੀਰ ਸਣੇ ਅਕਾਸ਼ ਉਪੱਰ ਚੁੱਕ ਲਿਆ । ਵਾਸਤਵ ਵਿੱਚ ਇਸ ਆਇਤ ਤੋਂ ਸਿੱਧ ਹੁੰਦਾ ਹੈ ਕਿ ਹਜ਼ਰਤ ਈਸਾ ਅਲੈਹਿ ਸਲਾਮ ਮੁੜ ਦੁਨੀਆ ਵਿੱਚ ਨਹੀਂ ਆਉਣਗੇ ਕਿਉਂਕਿ ਜੇਕਰ ਉਹ ਕਯਾਮਤ ਤੋਂ ਪਹਿਲਾਂ ਮੁੜ ਦੁਨੀਆ ਵਿੱਚ ਆਏ ਹੁੰਦੇ ਅਤੇ ਸਲੀਬ ਭੰਨੀ ਹੁੰਦੀ ਤਾਂ ਇਸ ਅਵਸਥਾ ਵਿੱਚ ਇਹ ਸੰਭਵ ਨਹੀਂ ਕਿ ਹਜ਼ਰਤ ਈਸਾ (ਅ.ਸ.) ਜੋ ਖ਼ੁਦਾ ਦੇ ਸੱਚੇ ਨਬੀ ਸਨ, ਖ਼ੁਦਾ ਦੇ ਰੂਬਰੂ ਕਯਾਮਤ ਦੇ ਦਿਨ ਅਜਿਹਾ ਸਾਫ਼ ਝੂਠ ਬੋਲਣਗੇ ਕਿ ਮੈਨੂੰ ਕੋਈ ਖ਼ਬਰ ਨਹੀਂ ਕਿ ਮੇਰੇ ਮਗਰੋਂ ਮੇਰੀ ਕੌਮ ਨੇ ਝੂਠਾ ਅਕੀਦਾ ਧਾਰ ਲਿਆ ਕਿ ਮੈਨੂੰ ਅਤੇ ਮੇਰੀ ਮਾਂ ਨੂੰ ਰੱਬ ਮਿੱਥ ਦਿੱਤਾ । ਕੀ ਉਹ ਮਨੁੱਖ ਜੋ ਮੁੜ ਦੁਨੀਆ ਵਿੱਚ ਆਵੇ ਅਤੇ ਚਾਲ੍ਹੀ ਵਰ੍ਹੇ ਦੁਨੀਆ ਵਿੱਚ ਰਹੇ ਅਤੇ ਈਸਾਈਆਂ ਨਾਲ ਜੁੱਧ ਕਰੇ । ਉਹ ਨਬੀ ਅਖਵਾ ਕੇ ਅਜਿਹਾ ਮਕਰੂਹ ਝੂਠ ਬੋਲ ਸਕਦਾ ਹੈ ਕਿ ਮੈਨੂੰ ਕੋਈ ਵੀ ਖ਼ਬਰ ਨਹੀਂ । ਸੋ, ਜੱਦ ਕਿ ਇਹ ਆਇਤ ਹਜ਼ਰਤ ਈਸਾ ਨੂੰ ਮੁੜ ਆਉਣ ਤੋਂ ਰੋਕਦੀ

ਹੈ, ਨਹੀਂ ਤਾਂ ਉਹ ਝੂਠੇ ਠਹਿਰਦੇ ਹਨ । ਫਿਰ, ਜੇਕਰ ਉਹ ਆਪਣੇ ਭੌਤਕ ਸ਼ਰੀਰ ਸਣੇ ਅਰਸ਼ 'ਤੇ ਹਨ ਅਤੇ ਇਸ ਆਇਤ ਦੀ ਵਿਆਖਿਆ ਅਨੁਸਾਰ ਕਯਾਮਤ ਦੇ ਦਿਨ ਤੱਕ ਧਰਤੀ ਉਪੱਰ ਨਹੀਂ ਉਤਰਣਗੇ, ਤਾਂ ਕੀ ਉਹ ਅਕਾਸ਼ ਉਪੱਰ ਹੀ ਮਰਨਗੇ ਅਤੇ ਅਕਾਸ਼ ਉਪੱਰ ਹੀ ਉਹਨਾਂ ਦੀ ਕਬਰ ਹੋਵੇਗੀ ? ਪਰ ਅਕਾਸ਼ ਉਪੱਰ ਮਰਨਾ ਆਇਤ, (وَفِيهَا تَمُوتُونَ(الأعراف26) ਫ਼ੀਹਾ ਤਮੂਤੂਨਾ (ਆਰਾਫ਼ – 26) ਦੇ ਵਿਰੁਧ ਹ । ਇਸ ਤੋਂ ਤਾਂ ਇਹੋ ਸਿੱਧ ਹੁੰਦਾ ਹੈ ਕਿ ਉਹ ਅਕਾਸ਼ 'ਤੇ ਆਪਣੇ ਭੌਤਕ ਸ਼ਰੀਰ ਵਿੱਚ ਨਹੀਂ ਗਏ ਸਗੋਂ ਮੌਤ ਮਗਰੋਂ ਗਏ । ਜਿਸ ਅਵਸਥਾ ਵਿੱਚ ਅਲੱਾਹ ਦੀ ਕਿਤਾਬ (ਕੁਰਆਨ ਮਜੀਦ) ਨੇ ਪੂਰਨ ਵਿਸਥਾਰ ਰਾਹੀਂ ਇਹ ਨਿਰਣਾ ਕਰ ਦਿਤੱਾ ਹੈ, ਫਿਰ ਅਲੱਾਹ ਦੀ ਕਿਤਾਬ ਦਾ ਵਿਰੋਧ ਕਰਨਾ ਪਾਪ ਨਹੀਂ ਤਾਂ ਹੋਰ ਕੀ ਹੈ ?

ਜੇਕਰ ਮੈਂ ਨ ਆਇਆ ਹੁੰਦਾ ਤਾਂ ਕੇਵਲ ਇਜਤਿਹਾਦੀ (ਧਾਰਮਕ ਵਿਆਖਿਆਈ ਜਤਨਾ ਦੀ ) ਗ਼ਲਤੀ ਖਿਮਾ ਯੋਗ ਸੀ । ਪਰੰਤੂ ਜੱਦ ਮੈਂ ਰੱਬ ਵੱਲੋਂ ਆ ਗਿਆ ਅਤੇ ਕੁਰਆਨ ਮਜੀਦ ਦੇ ਸਪਸ਼ਟ ਤੇ ਸੱਚੇ ਅਰਥ ਖੁੱਲ ਗਏ ਤਾਂ ਫਿਰ ਵੀ ਗਲਤੀ ਨੂੰ ਨ ਛਡੱਣਾ ਈਮਾਨਦਾਰੀ ਦਾ ਚੱਜ ਨਹੀਂ । ਮੇਰੇ ਲਈ ਖ਼ੁਦਾ ਦੇ ਨਿਸ਼ਾਨ ਅਕਾਸ਼ ਉਪੱਰ ਵੀ ਪ੍ਰਗਟ ਹੋਏ ਅਤੇ ਧਰਤੀ ਉਪੱਰ ਵੀ । ਇਸ ਸਦੀ ਦਾ ਵੀ ਲਗਭਗ ਚੋਥਾ ਭਾਗ ਲੰਘ ਗਿਆ । ਹਜ਼ਾਰਂ ਹੀ ਚਮਤਕਾਰ ਪ੍ਰਗਟ ਹੋ ਗਏ । ਦੁਨੀਆ ਦੀ ਉਮਰ ਦਾ ਸਤਵਾਂ ਹਜ਼ਾਰ ਅਰੰਭ ਹੋ ਗਿਆ ਤਾਂ ਫਿਰ ਵੀ ਸਚੱਾਈ ਨੂੰ ਕਬੂਲ ਨ ਕਰਨਾ ਇਹ ਕਿਸ ਪ੍ਰਕਾਰ ਦੀ ਹੱਠ ਧਰਮੀ ਹੈ ?

ਦੇਖੋ ! ਮੈਂ ਬੁਲੰਦ ਅਵਾਜ਼ ਨਾਲ ਕਹਿੰਦਾ ਹਾਂ ਕਿ ਰੱਬ ਦੇ ਚਮਤਕਾਰ ਅਜੇ ਖ਼ਤਮ ਨਹੀਂ ਹੋਏ । ਉਸ ਪਹਿਲੇ ਭੁਕੰਪ ਦੇ ਨਿਸ਼ਾਨ ਮਗਰੋਂ ਜੋ 4 ਅਪ੍ਰੈਲ, 1905 ਈ. ਵਿੱਚ ਪ੍ਰਗਟ ਹੋਇਆ ਸੀ ਜਿਸ ਦੀ ਇਕ ਮੁਦੱਤ (ਸਮਾਂ) ਪਹਿਲਾਂ ਖ਼ਬਰ ਦਿੱਤੀ ਗਈ ਸੀ , ਫਿਰ ਰੱਬ ਨੇ ਮੈਨੂੰ ਖ਼ਬਰ ਦਿੱਤੀ ਹੈ ਕਿ ਬਸੰਤ ਰੁੱਤੇ ਇਕ ਹੋਰ ਭਿਆਨਕ ਭੁਕੰਪ ਆਉਣ ਵਾਲਾ ਹੈ, ਉਹ ਬਸੰਤ ਰੁੱਤ ਦੇ ਦਿਨ ਹੋਣਗੇ । ਇਹ ਮਾਲੂਮ ਨਹੀਂ ਕਿ ਉਹ ਬਸੰਤ ਰੁੱਤ ਦਾ ਅਰੰਭ ਹੋਵੇਗਾ ਜੱਦ ਕਿ ਰੁਖੱਾਂ ਤੇ ਪੱਤਿਆਂ ਦੇ ਅੰਕੁਰ ਫ਼ੁਟੱਦੇ ਹਨ ਜਾਂ ਮੱਧ ਦੇ ਜਾਂ ਅੰਤ ਦੇ ਦਿਨ ਹੋਣਗੇ । ਜਿਵੇਂ

ਕਿ ਇਲਾਹੀ ਬਾਣੀ ਦੇ ਇਹ ਸ਼ਬਦ ਹਨ, "ਫਿਰ ਬਹਾਰ ਆਈ ਖ਼ੁਦਾ ਕੀ ਬਾਤ ਫਿਰ ਪੂਰੀ ਹੁਈ ।" ਕਿਉਂਕਿ ਪਹਿਲਾ ਭੁਕੰਪ ਵੀ ਬਸੰਤ ਰੁੱਤ ਵਿੱਚ ਸੀ ਇਸ ਲਈ ਖ਼ੁਦਾ ਨੇ ਖ਼ਬਰ ਦਿੱਤੀ ਕਿ ਦੂਸਰਾ ਭੁਕੰਪ ਵੀ ਬਸੰਤ ਰੁੱਤ ਵਿੱਚ ਹੀ ਆਏਗਾ । ਕਿਉਂਕਿ ਅੰਤ ਜਨਵਰੀ ਵਿੱਚ ਕੁਝ ਰੁਖੱਾਂ ਦੇ ਪੱਤਿਆਂ ਦੇ ਅੰਕੁਰ ਫੁਟਣੇ ਅਰੰਭ ਹੋ ਜਾਂਦੇ ਹਨ । ਇਸ ਲਈ ਇਸੇ ਮਹੀਨੇ ਦੇ ਅਰੰਭ ਤੋਂ ਖ਼ੌਫ਼ ਦੇ ਦਿਨ ਅਰੰਭ ਹੋਣਗੇ ਅਤੇ ਲਗਭਗ ਮਈ ਮਹੀਨੇ ਦੇ ਅੰਤ ਤੱਕ ਉਹ ਦਿਨ ਰਹਿਣਗੇ[1] । ਖ਼ੁਦਾ ਨੇ ਫ਼ਰਮਾਇਆ :

(زَلْزَلَةُ السَّاعَةِ(الحج2)) ਜ਼ਲਜ਼ਲਾਤਸੱਾਆਤਿ

ਅਰਥਾਤ, ਉਹ ਭੁਕੰਪ ਕਯਾਮਤ ਦੀ ਉਦਾਹਰਣ ਹੋਵੇਗਾ । ਅਤੇ ਫਿਰ ਫ਼ਰਮਾਇਆ :-

(لَكَ نُرِيْ اٰيٰتٍ وَّ نَهْدِمُ مَا يَعْمُرُوْنَ)[2]

ਲਕਾ ਨੁਰੀ ਆਯਾਤਿੰਵ ਵ ਨਹਦਿਮ ਮਾ ਯਾਮੁਰੂਨ

ਅਰਥਾਤ, ਤੇਰੇ ਲਈ ਅਸੀਂ ਨਿਸ਼ਾਨ ਦਿਖਾਵਾਂਗੇ, ਅਤੇ ਜੋ ਇਮਾਰਤਾਂ ਬਣਾਉਂਦੇ ਜਾਣਗੇ ਅਸੀਂ ਉਹਨਾਂ ਨੂੰ ਢਾਹੁੰਦੇ ਜਾਵਾਂਗੇ, ਅਤੇ ਫਿਰ ਫ਼ਰਮਾਇਆ, "ਭੁਚਾਲ ਆਇਆ ਅਤੇ ਤਾਬੜ ਤੋੜ ਆਇਆ, ਧਰਤੀ ਹੇਠ ਉਪੱਰ ਕਰ ਦਿੱਤੀ।" ਅਰਥਾਤ ਇਕ ਸਖ਼ਤ ਭੁਚਾਲ ਆਏਗਾ ਅਤੇ ਧਰਤੀ ਨੂੰ ਭਾਵ ਧਰਤੀ

---

[1] ਮੈਨੂੰ ਪਤਾ ਨਹੀਂ ਕਿ ਬਸੰਤ ਦੇ ਦਿਨਾਂ ਤੋਂ ਭਾਵ ਇਸੇ ਬਸੰਤ ਦੇ ਦਿਨ ਹਨ ਜੋ ਕਿ ਇਸ ਸਰਦੀਆਂ ਮਗਰੋਂ ਆਉਣ ਵਾਲੇ ਹਨ ਜਾਂ ਕਿਸੇ ਹੋਰ ਸਮੇਂ ਤੇ ਇਸ ਭਵਿੱਖਬਾਣੀ ਦਾ ਪ੍ਰਗਟ ਹੋਣਾ ਸਿਥਰ ਹੈ ਜੋ ਬਸੰਤ ਦਾ ਸਮਾਂ ਹੋਵੇਗਾ । ਨਿਸ਼ਚੇ ਹੀ ਇਲਾਹੀ ਕਲਾਮ ਤੋਂ ਪਤਾ ਲਗਦਾ ਹੈ ਕਿ ਉਹ ਬਸੰਤ ਦੇ ਦਿਨ ਹੋਣਗੇ, ਭਾਵੇਂ ਫਿਰ ਕੋਈ ਹੋਰ ਬਸੰਤ ਹੋਵੇ, ਪਰ ਖ਼ੁਦਾ ਇਕ ਅਜਿਹੇ ਵਿਅਕਤੀ ਵਾਂਙ ਆਏਗਾ ਜੋ ਰਾਤ ਨੂੰ ਗੁਪਤ ਰੂਪ ਵਿੱਚ ਆਉਂਦਾ ਹੈ । ਇਹੋ ਖ਼ਦਾ ਨੇ ਮੈਨੂੰ ਫ਼ਰਮਾਇਆ ਹੈ ।

[2] ਇਕ ਇਲਾਹੀ ਬਾਣੀ ਇਸ ਬਾਰੇ ਇਹ ਵੀ ਹੈ, "ਤੇਰੇ ਲਈ ਮੇਰਾ ਨਾਂ ਚਮਕਿਆ"

ਦੇ ਕੁਝ ਭਾਗ ਨੂੰ ਖੇਰੂੰ ਖੇਰੂੰ ਕਰ ਦੇਵੇਗਾ ਜਿਵੇਂ ਕਿ ਲੂਤ ਨਬੀ ਦੇ ਜੁੱਗ ਵਿੱਚ ਹੋਇਆ ਅਤੇ ਫ਼ਰਮਾਇਆ, ( اِنِّیْ مَعَ الْاَفْوَاجِ اٰتِیْکَ بَغْتَةً) ਇੰਨੀ ਮਾਅਲ ਅਫ਼ਵਾਜਿ ਆਤੀਕਾ ਬਗ਼ਤਤਨ ।

ਅਰਥਾਤ, ਮੈਂ ਗੁਪਤ ਰੂਪ ਵਿੱਚ ਫ਼ੌਜਾਂ ਸਣੇ ਆਵਾਂਗਾ । ਉਸ ਦਿਨ ਬਾਰੇ ਕਿਸੇ ਨੂੰ ਵੀ ਕੋਈ ਖ਼ਬਰ ਨਹੀਂ ਹੋਵੇਗੀ । ਜਿਵੇਂ ਕਿ ਲੂਤ ਦੀ ਨਗਰੀ ਜੱਦ ਤੱਕ ਖੇਰੂੰ ਖੇਰੂੰ ਨਹੀਂ ਕੀਤੀ ਗਈ ਕਿਸੇ ਨੂੰ ਵੀ ਖ਼ਬਰ ਨਹੀਂ ਸੀ ਅਤੇ ਸਾਰੇ ਹੀ ਖ਼ਾਂਦੇ ਪੀਂਦੇ ਐਸ਼ਾਂ ਕਰਦੇ ਸਨ ਕਿ ਅਚਨਚੇਤ ਧਰਤੀ ਪਲਟਾਈ ਗਈ । ਇਸ ਲਈ ਖ਼ੁਦਾ ਫ਼ਰਮਾਉਂਦਾ ਹੈ ਕਿ ਇਸ ਥਾਂ ਵੀ ਅਜਿਹਾ ਹੀ ਹੋਵੇਗਾ ਕਿਉਂਕਿ ਪਾਪ ਹੱਦ ਤੋਂ ਵੱਧ ਗਿਆ ਹੈ ਅਤੇ ਮਨੁੱਖ ਹੱਦੋਂ ਵੱਧ ਦੁਨੀਆ ਨੂੰ ਪਿਆਰ ਕਰ ਰਹੇ ਹਨ ਅਤੇ ਰੱਬ ਦੇ ਮਾਰਗ ਨੂੰ ਮਾੜੀਆਂ ਨਿਗਾਹਾਂ ਨਾਲ ਦੇਖਦੇ ਹਨ । ਅਤੇ ਫਿਰ ਫ਼ਰਮਾਇਆ, ‘‘ਜੀਵਨ ਦਾ ਅੰਤ’’ ਅਤੇ ਫਿਰ ਮੈਨੂੰ ਸੰਬੋਧਨ ਕਰਕੇ ਫ਼ਰਮਇਆ,

( قَلَ رَبُّكَ اِنَّهٗ نَازِلٌ مِّنَ السَّمَآءِ مَا یُرْضِیْكَ رَحْمَةً مِّنَّا وَكَانَ اَمْرًا مَّقْضِیًّا )

ਕਾਲਾ ਰੱਬੋਕਾ ਇਨੱਾਹੂ ਨਾਜ਼ਿਲੁੰਮ ਮਿਨਸ ਸਮਾਇ ਮਾ ਯੁਰਜ਼ੀਕਾ ਵ ਰਹਮਾਤੰਮ ਮਿਨੱਾ ਵਕਾਨਾ ਅਮਰਮ ਮਕਜ਼ੀਯਾ ।

ਅਰਥਾਤ ਤੇਰਾ ਰੱਬ ਕਹਿੰਦਾ ਹੈ ਕਿ ਇਕ ਹੁਕਮ ਅਕਾਸ਼ ਤੋਂ ਉਤਰੇਗਾ ਜਿਸ ਤੋਂ ਤੂੰ ਖ਼ੁਸ਼ ਹੋ ਜਾਵੇਂਗਾ । ਇਹ ਸਾਡੇ ਵੱਲੋਂ ਰਹਿਮਤ ਹੈ ਅਤੇ ਇਹ ਨਿਰਣਾਇਕ ਗਲ ਹੈ । ਜੋ ਆਦਿ ਤੋਂ ਮੁਕੱਦਰ ਸੀ ਅਤੇ ਅਵਸ਼ ਹੈ ਕਿ ਅਕਾਸ਼ ਇਸ ਹੁਕਮ ਦੇ ਨਾਜ਼ਲ ਹੋਣ ਤੋਂ ਰੁੱਕਿਆ ਰਹੇ ਜੱਦ ਤੱਕ ਕਿ ਇਹ ਭਵਿੱਖਬਾਣੀ ਕੌਮਾਂ ਵਿੱਚ ਪ੍ਰਕਾਸ਼ਤ ਹੋ ਜਾਵੇ । ਕੌਣ ਹੈ ਜੋ ਸਾਡੀਆਂ ਗੱਲਾਂ ਉਪੱਰ ਈਮਾਨ ਲਿਆਵੇ ਸਿਵਾਏ ਇਸ ਦੇ ਕਿ ਉਹ ਖ਼ੁਸ਼ਨਸੀਬ ਹੋਵੇ ।

ਚੇਤੇ ਰਹੇ ਇਹ ਘੋਸ਼ਣਾ ਖ਼ੌਫ਼ ਫ਼ੈਲਾਉਣ ਲਈ ਨਹੀਂ ਸਗੋਂ ਭਵਿੱਖ ਦੇ ਖ਼ੌਫ਼ ਦੀ ਚਿਤਾਵਨੀ ਹੈ ਤਾਂ ਜੋ ਕੋਈ ਬੇ-ਖ਼ਬਰੀ ਵਿੱਚ ਹਲਾਕ ਨ ਹੋਵੇ । ਹਰ ਇਕ ਕਾਰਜ ਨੀਯੱਤ ਨਾਲ ਬੱਝਿਆ ਹੈ । ਸਾਡੀ ਨੀਯੱਤ ਦੁਖ ਦੇਣ ਦੀ ਨਹੀਂ ਸਗੋਂ ਦੁਖ ਤੋਂ ਬਚਾਉਣ ਦੀ ਹੈ । ਉਹ ਲੋਕ ਜੋ ਤੌਬਾ ਕਰਦੇ ਹਨ ਰੱਬ ਦੇ ਪ੍ਰਕੋਪ

ਤੋਂ ਬਚਾਏ ਜਾਣਗੇ, ਪਰ ਉਹ ਬਦਕਿਸਮਤ ਜੋ ਤੌਬਾ ਨਹੀਂ ਕਰਦਾ ਅਤੇ ਠੱਠੇ ਹਾਸਿਆਂ ਦੀਆਂ ਸਭਾਵਾਂ ਨਹੀਂ ਛਡੱਦਾ ਅਤੇ ਬਦਕਾਰੀ ਤੇ ਪਾਪਾਂ ਤੋਂ ਨਹੀਂ ਮੁੜਦਾ ਉਹਨਾਂ ਦੀ ਹਲਾਕਤ ਦੇ ਦਿਨ ਨੇੜੇ ਹਨ ਕਿਉਂਕਿ ਉਸ ਦੀ ਸ਼ੇਖ਼ੀ (ਡੀਂਗਾਂ ਮਾਰਨੀਆਂ) ਰੱਬ ਦੀ ਦ੍ਰਿਸ਼ਟੀ`ਚ ਪ੍ਰਕੋਪ ਦੇ ਯੋਗ ਹੈ ।

ਇਸ ਥਾਂ ਇਕ ਹੋਰ ਗੱਲ ਵਰਨਣ ਯੋਗ ਹੈ ਕਿ ਜਿਵੇਂ ਕਿ ਮੈਂ ਪਹਿਲਾਂ ਵਰਨਣ ਕਰ ਚੁੱਕਿਆਂ ਹਾਂ ਕਿ ਰੱਬ ਨੇ ਮੈਨੂੰ ਮੌਤ ਦੀ ਸੂਚਨਾ ਦਿੱਤੀ ਹੈ ਅਤੇ ਮੈਨੂੰ ਸੰਬੋਧਨ ਕਰਕੇ ਮੇਰੇ ਜੀਵਨ ਬਾਰੇ ਫ਼ਰਮਾਇਆ, "ਬਹੁਤ ਥੋੜੇ ਦਿਨ ਰਹਿ ਗਏ ਹਨ ।" ਅਤੇ ਫ਼ਰਮਾਇਆ ਕਿ "ਸਾਰੀਆਂ ਘਟਨਾਵਾਂ ਅਤੇ ਚਮਤਕਾਰਾਂ ਦੇ ਦਿਖਾਉਣ ਮਗਰੋਂ ਤੁਹਾਡੀ ਘਟਨਾ ਵਾਪਰੇਗੀ ।" ਇਹ ਇਸ ਗੱਲ ਵੱਲ ਸੰਕੇਤ ਹੈ ਕਿ ਅਵਸ਼ ਹੈ ਕਿ ਮੇਰੀ ਮੌਤ ਤੋਂ ਪਹਿਲਾਂ ਦੁਨੀਆ ਵਿੱਚ ਕੁਝ ਘਟਨਾਵਾਂ ਵਾਪਰਨ ਅਤੇ ਕੁਝ ਚਮਤਕਾਰ ਪ੍ਰਗਟ ਹੋਣ ਤਾਂ ਜੋ ਦੁਨੀਆ ਇਕ ਨਵੇਂ ਇਨਕਲਾਬ ਲਈ ਤਿਆਰ ਹੋ ਜਾਵੇ ਅਤੇ ਇਸ ਇਨਕਲਾਬ ਮਗਰੋਂ ਮੇਰੀ ਮੌਤ ਹੋਵੇ । ਮੈਨੂੰ ਇਕ ਅਸਥਾਨ ਦਿਖਾਇਆ ਗਿਆ ਕਿ ਇਹ ਤੇਰੀ ਕਬਰ ਦੀ ਥਾਂ ਹੋਵੇਗੀ । ਇਕ ਫ਼ਰਿਸ਼ਤਾ (ਰੱਬੀ ਦੂਤ) ਮੈਂ ਦੇਖਿਆ ਕਿ ਉਹ ਧਰਤੀ ਨੂੰ ਨਾਪ (ਮਿਣ) ਰਿਹਾ ਹੈ, ਇਕ ਥਾਂ`ਤੇ ਪਹੁੰਚਕੇ ਉਸਨੇ ਮੈਨੂੰ ਕਿਹਾ ਕਿ ਇਹ ਤੇਰੀ ਕਬਰ ਦੀ ਥਾਂ ਹੈ । ਫ਼ਿਰ ਇਕ ਥਾਂ ਮੈਨੂੰ ਇਕ ਕਬਰ ਦਿਖਾਈ ਕਿ ਉਹ ਚਾਂਦੀ ਤੋਂ ਵੀ ਵੱਧ ਲਿਸ਼ਕਦੀ ਸੀ, ਫਿਰ ਮੈਨੂੰ ਕਿਹਾ ਗਿਆ ਇਹ ਤੇਰੀ ਕਬਰ ਹੈ, ਅਤੇ ਇਕ ਥਾਂ ਮੈਨੂੰ ਦਿਖਾਇਆ ਗਿਆ, ਉਸ ਥਾਂ ਦਾ ਨਾਂ "ਬਹਿਸ਼ਤੀ ਮਕਬਰਹ" ਰੱਖਿਆ ਗਿਆ ਅਤੇ ਪ੍ਰਗਟ ਕੀਤਾ ਗਿਆ ਕਿ ਇਹ ਜਮਾਤ ਦੇ ਉਹਨਾਂ ਨੇਕ ਲੋਕਾਂ ਦੀਆਂ ਕਬਰਾਂ ਹਨ ਜੋ ,,ਬ਼ਹਿਸ਼ਤੀ``(ਸਵਰਗੀ) ਹਨ । ਉਦੋਂ ਤੋਂ ਮੈਨੂੰ ਹਮੇਸ਼ਾ ਚਿੰਤਾ ਲੱਗੀ ਰਹੀ ਕਿ ਜਮਾਤ ਲਈ ਜ਼ਮੀਨ ਦਾ ਇਕ ਟੋਟਾ ਕਬ੍ਰਿਸਤਾਨ ਦੇ ਉਦੇਸ਼ ਨਾਲ ਖ਼ਰੀਦਿਆ ਜਾਵੇ, ਪਰ ਕਿਉਕਿ ਮੌਕੇ ਦੀ ਚੰਗੀ ਜ਼ਮੀਨ ਬਹੁਤ ਮੁਲਵਾਨ ਸਨ ਇਸ ਲਈ ਇਹ ਉਦੇਸ਼ ਲੰਮੇ ਸਮੇਂ ਤੱਕ ਲੰਮਕਿਆ ਰਿਹਾ । ਹੁਣ ਮੇਰੇ ਭਾਈ ਮੌਲਵੀ ਅਬਦੁਲ ਕਰੀਮ ਸਾਹਬ ਦੀ ਮੌਤ ਮਗਰੋਂ ਜੱਦ ਕਿ ਮੇਰੀ ਮੌਤ ਬਾਰੇ ਵੀ ਲਗਾਤਾਰ ਵਾਰ ਵਾਰ ਭਵਿੱਖਬਾਣੀ ਹੋਈ । ਮੈਂ ਉਚਿਤ ਸਮਝਿਆ ਕਿ

ਕਬ੍ਰਿਸਤਾਨ ਦਾ ਛੇਤੀ ਤੋਂ ਛੇਤੀ ਪ੍ਰਬੰਧ ਕੀਤਾ ਜਾਵੇ । ਇਸ ਲਈ ਮੈਂ ਆਪਣੀ ਮਾਲਕੀ ਦੀ ਜ਼ਮੀਨ ਜੋ ਸਾਡੇ ਬਾਗ਼ ਦੇ ਨਾਲ ਹੈ ਜਿਸਦਾ ਮੁੱਲ ਹਜ਼ਾਰ ਰੁਪਏ ਤੋਂ ਘੱਟ ਨਹੀਂ ਇਸ ਕੰਮ ਲਈ ਨਿਯੁਕਤ ਕੀਤੀ ਅਤੇ ਮੈਂ ਦੁਆ ਕਰਦਾ ਹਾਂ ਕਿ ਖ਼ੁਦਾ ਇਸ ਵਿੱਚ ਬਰਕਤ ਪਾਵੇ ਅਤੇ ਇਸਨੂੰ ,,ਬਹਿਸ਼ਤੀ ਮਕਬਰਹ`` ਬਣਾ ਦੇਵੇ । ਇਹ ਇਸ ਜਮਾਤ ਪਾਕ ਦਿਲ ਲੋਕਾਂ ਦਾ ਸਵਪਨਗ੍ਰਹਿ ਹੋਵੇ ਜਿੰਨ੍ਹਾ ਨੇ ਵਾਸਤਵ ਵਿੱਚ ਦੀਨ (ਧਰਮ) ਨੂੰ ਦੁਨੀਆ`ਤੇ ਪਹਿਲ ਦਿੱਤੀ ਅਤੇ ਸੰਸਾਰਕ ਮੋਹ ਛੱਡ ਦਿੱਤਾ ਅਤੇ ਰੱਬ ਲਈ ਹੋ ਗਏ, ਅਤੇ ਪਾਕ ਤਬਦੀਲੀ ਆਪਣੇ ਅੰਦਰ ਪੈਦਾ ਕਰ ਲਈ ਅਤੇ ਰਸੂਲੁਲੱਾਹ ਸਲੱਲੱਾਹੋ ਅਲੈਹਿ ਵਸਲਮ ਦੇ ਸਹਾਬੀਆਂ (ਸਾਥੀਆਂ) ਵਾਂਙ ਵਫ਼ਾਦਾਰੀ ਅਤੇ ਸਚੱਾਈ ਦਾ ਨਮੂਨਾ ਦਿਖਾਇਆ । ਆਮੀਨ, ਯਾ ਰੱਬੁਲ ਆਲਾਮੀਨ (اٰمِیۡن۔ یَارَبَّ الۡعَالَمِیۡنَ) (ਹੇ! ਸਾਰਿਆਂ ਜਹਾਨਾਂ ਦੇ ਰੱਬ ਪਰਵਾਨ ਕਰ ।)

ਫ਼ਿਰ ਮੈਂ ਦੁਆ ਕਰਦਾ ਹਾਂ ਕਿ ਹੇ, ਮੇਰੇ ਕਾਦਰ ਖ਼ੁਦਾ ! ਇਸ ਜ਼ਮੀਨ ਨੂੰ ਮੇਰੀ ਜਮਾਤ`ਚੋਂ ਉਹਨਾਂ ਪਾਕ ਦਿਲ ਲੋਕਾਂ ਦੀ ਕਬਰਾਂ ਬਣਾ ਜੋ ਵਾਸਤਵ ਵਿੱਚ ਤੇਰੇ ਲਈ ਹੋ ਚੁਕੇ ਹਨ ਅਤੇ ਸੰਸਾਰਕ ਸਵਾਰਥਾਂ ਦੀ ਮਿਲਾਵਟ ਉਹਨਾਂ ਦੇ ਕਾਰੋਬਾਰ ਵਿੱਚ ਨਹੀਂ । ( اٰمِیۡن۔ یَارَبَّ الۡعَالَمِیۡنَ) ਆਮੀਨ, ਯਾ ਰਬੱਲ ਆਲਾਮੀਨ । ਫ਼ਿਰ ਮੈਂ ਤੀਜੀ ਵਾਰ ਦੁਆ ਕਰਦਾ ਹਾਂ ਕਿ ਹੇ, ਮੇਰੇ ਕਾਦਰ ਕਰੀਮ ਖ਼ੁਦਾ ! ਬਖ਼ਸ਼ਣਹਾਰ ਤੇ ਮਿਹਰਬਾਨ !! ਤੂੰ ਕੇਵਲ ਉਹਨਾਂ ਲੋਕਾਂ ਨੂੰ ਇਸ ਥਾਂ ਕਬਰਾਂ ਦੀ ਥਾਂ ਦੇ ਜੋ ਤੇਰੇ ਇਸ ਫ਼ਰਸਤਾਦਹ (ਭੇਜੇ ਹੋਏ) ਉਪੱਰ ਸਚੱਾ ਈਮਾਨ ਰਖੱਦੇ ਹਨ ਅਤੇ ਕੋਈ ਸ਼ੰਕਾ ਤੇ ਕੋਈ ਵਿਅਕਤੀਗਤ ਸਵਾਰਥ ਅਤੇ ਬਦਜ਼ਨੀ[1] (ਬਦ ਗੁਮਾਨੀ) ਆਪਣੇ ਅੰਦਰ ਨਹੀਂ ਰਖੱਦੇ, ਜਿਵੇਂ ਕਿ

---

[1] ਬਦ ਜ਼ਨੀ (ਬਦ ਗ਼ੁਮਾਨੀ)ਇਕ ਕਰੜੀ ਬਲਾ ਹੈ ਜੋ ਈਮਾਨ ਨੂੰ ਝੱਟ ਹੀ ਸਾੜ ਦੇਂਦੀ ਹੈ ਜਿਵੇਂ ਕਿ ਅੱਗ ਦਾ ਭਾਂਬੜ ਘਾਹ ਫ਼ੂਸ ਨੂੰ । ਅਤੇ ਉਹ ਜੋ ਰੱਬ ਦੇ ਭੇਜੇ ਹੋਏ ਰਸੂਲਾਂ`ਤੇ ਬਦ ਜ਼ਨੀ ਕਰਦਾ ਹੈ ਰੱਬ ਆਪ ਉਸ ਦਾ ਦੁਸ਼ਮਣ ਹੋ ਜਾਂਦਾ ਹੈ ਅਤੇ ਉਸ ਦੀ ਜੰਗ ਲਈ ਖੜਾ ਹੋ ਜਾਂਦਾ ਹੈ ਉਹ ਆਪਣੇ ਨੇਕ ਲੋਕਾਂ ਲਈ ਐਨ੍ਹੀ ਗ਼ੈਰਤ ਰਖੱਦਾ ਹੈ ਕਿ ਕਿਸੇ ਵਿੱਚ ਉਸ

ਆਗਿਆਕਾਰੀ ਤੇ ਈਮਾਨ ਦਾ ਹੱਕ ਹੈ ਪੂਰਿਆਂ ਕਰਦੇ ਹਨ । ਤੇਰੇ ਲਈ ਅਤੇ ਤੇਰੇ ਮਾਰਗ ਵਿੱਚ ਆਪਣੇ ਮਨਾਂ ਵਿੱਚ ਆਪਣੀਆਂ ਜਾਨਾਂ ਫ਼ਿਦਾ (ਕੁਰਬਾਨ) ਕਰ ਚੁਕੇ ਹਨ, ਜਿੰਨ੍ਹਾ ਤੋਂ ਤੂੰ ਰਜ਼ਾਮੰਦ ਹੈਂ ਅਤੇ ਜਿੰਨ੍ਹਾ ਨੂੰ ਜਾਣਦਾ ਹੈਂ ਕਿ ਉਹ ਪੂਰਨਤਾ ਤੇਰੇ ਪ੍ਰੇਮ ਵਿੱਚ ਲੀਨ ਹਨ ਅਤੇ ਤੇਰੇ ਫ਼ਰਸਤਾਦਹ (ਭੇਜੇ ਹੋਏ) ਨਾਲ ਵਫ਼ਾਦਾਰੀ ਅਤੇ ਪੂਰਨ ਨਿਸ਼ਠਾ ਤੇ ਸਤਿਕਾਰ ਅਤੇ ਪੂਰਨ ਅਦਬ ਤੇ ਸ਼ਰਾ ਅਨੁਸਾਰ ਈਮਾਨ ਤੇ ਪ੍ਰੇਮ ਨਾਲ ਜੀਵਨ ਨਿਛਾਵਰ ਕਰਨ ਦਾ ਸੰਬੰਧ ਰਖੱਦੇ ਹਨ । ਹੇ ਮੇਰੇ ਰੱਬ ! ਪਰਵਾਨ ਕਰ । (اٰمِیْن۔ یَارَبَّ الْعَالَمِیْنَ)

ਕਿਉਕਿ ਇਸ ਕਬ੍ਰਿਸਤਾਨ ਲਈ ਵੱਡੇ ਭਾਰੇ ਸ਼ੁਭ ਸੰਦੇਸ਼ ਮੈਂਨੂੰ ਪ੍ਰਾਪਤ ਹੋਏ ਹਨ । ਨ ਕੇਵਲ ਖ਼ੁਦਾ ਨੇ ਇਹ ਫ਼ਰਮਾਇਆ ਹੈ ਕਿ ਮਕਬਰਾ ਬਹਿਸ਼ਤੀ

---

ਦੀ ਉਦਾਹਰਣ ਨਹੀਂ ਮਿਲਦੀ । ਮੇਰੇ'ਤੇ ਜੱਦ ਵੱਖ ਵੱਖ ਪ੍ਰਕਾਰ ਦੇ ਹਮਲੇ ਹੋਏ ਤਾਂ ਉਸੇ ਰੱਬ ਦੀ ਗ਼ੈਰਤ ਮੇਰੇ ਲਈ ਭੜਕ ਉਠੀ, ਜਿਵੇਂ ਕਿ ਉਸਨੇ ਫ਼ਰਮਾਇਆ :-

اِنِّیْ مَعَ الرَّسُوْلِ اَقُوْمُ وَاَلُوْمُ مَنْ یَّلُوْمُ وَاُعْطِیْكَ مَا یَدُوْمُ۔ لَكَ دَرَجَةٌ فِی السَّمَآءِ وَفِی الَّذِیْنَ هُمْ یُبْصِرُوْنَ۔ وَلَكَ نُرِیْ اٰیٰتٍ وَنَهْدِمُ مَا یَعْمَرُوْنَ۔ وَقَالُوْا أَتَجْعَلُ فِیْهَا مَنْ یُّفْسِدُ فِیْهَا۔ قَالَ اِنِّیْ أَعْلَمُ مَا لَا تَعْلَمُوْنَ۔ اَنِّیْ مُهِیْنٌ مَنْ اَرَادَ اِهَانَتَكَ۔ لَا تَخَفْ اِنِّیْ لَا یَخَافُ لَدَیَّ الْمُرْسَلُوْن۔ اَتٰی اَمْرُ اللّٰهِ فَلَا تَسْتَعْجِلُوْهُ۔ بِشَارَةٌ تَلَقَّاهَا النَّبِیُّوْنَ۔ یَا اَحْمَدِیْ اَنْتَ مُرَادِیْ وَمَعِیْ۔ اَنْتَ مِنِّیْ بِمَنْزِلَةِ تَوْحِیْدِیْ تَفْرِیْدِیْ وَاَنْتَ مِنِّیْ بِمَنْزِلَةٍ لَا یَعْلَمُهَا الْخَلْقَ۔ وَجِیْهٌ فِیْ حَضْرَتِیْ۔ اِخْتَرْتُكَ لِنَفْسِیْ۔ اِذَا غَضِبْتَ غَضِبْتُ۔ وَكُلَّمَا اَحْبَبْتَ اَحْبَبْتُ۔ اٰثَرَكَ اللّٰهُ عَلٰی كُلِّ شَیْءٍ۔ اَلْحَمْدُ لِلّٰهِ الَّذِیْ جَعَلَكَ الْمَسِیْحَ ابْنَ مَرْیَمَ۔ لَا یُسْئَلُ عَمَّ یَفْعَلُ وَهُمْ یُسْئَلُوْنَ۔ وَكَانَ وَعْدًا مَّفْعُوْلًا۔ یَعْصِمُكَ اللّٰهُ مِنَ الْعِدَا۔ وَیَسْطُوْا بِكُلِّ مَنْ سَطَا۔ ذَالِكَ بِمَا عَصَوْا وَّكَانُوْ یَعْتَدُوْنَ۔ اَلَیْسَ اللّٰهُ بِكَافٍ عَبْدَهٗ۔ یُجِبَالُ اَوِّبِیْ مَعَهٗ وَالطَّیْرُ۔ كَتَبَ اللّٰهُ لَاَغْلِبَنَّ اَنَا وَرُسُلِیْ۔ وَهُمْ مِنْ بَعْدِ غَلْبِهِمْ سَیَغْلِبُوْنَ۔ اِنَّ اللّٰهَ مَعَ الَّذِیْنَ اتَّقَوْا وَالَّذِیْنَ هُمْ مُحْسِنُوْنَ۔ اِنَّ الَّذِیْنَ اٰمَنُوْا اَنَّ لَهُمْ قَدَمَ صِدْقٍ عِنْدَ رَبِّهِمْ۔ سَلَامٌ قَوْلًا مِّنْ رَّبٍّ رَّحِیْمٍ۔ وَامْتَازُوْا الْیَوْمَ اَیُّهَا الْمُجْرِمُوْنَ۔

ਹੈ ਸਗੋਂ ਇਹ ਵੀ ਫ਼ਰਮਾਇਆ ਕਿ ( أُنْزِلَ فِيْهَا كُلُّ رَحْمَةٍ ) ,,ਉਨਜ਼ਿਲਾ ਫ਼ੀਹਾ ਕੁੱਲੋ ਰਹਮਾਤਿਨ`` ਅਰਥਾਤ ਹਰ ਇਕ ਪ੍ਰਕਾਰ ਦੀ ਰਹਿਮਤ ਇਸ ਕਬ੍ਰਿਸਤਾਨ ਵਿੱਚ ਉਤਾਰੀ ਗਈ ਹੈ ਅਤੇ ਕਿਸੇ ਵੀ ਪ੍ਰਕਾਰ ਦੀ ਰਹਿਮਤ ਨਹੀਂ ਜੋ ਇਸ ਕਬ੍ਰਿਸਤਾਨ ਵਾਲਿਆਂ ਨੂੰ ਪ੍ਰਾਪਤ ਨਹੀਂ । ਇਸ ਲਈ ਖ਼ੁਦਾ ਨੇ ਮੇਰਾ ਦਿਲ ਆਪਣੀ ਗੁਪਤ ਵਾਣੀ ਰਾਹੀਂ ਇਸ ਵੱਲ ਲਾਇਆ ਕਿ ਅਜਿਹੇ ਕਬ੍ਰਿਸਤਾਨ ਲਈ ਅਜੀਹੀਆਂ ਸ਼ਰਤਾਂ ਲਾ ਦਿੱਤੀਆਂ ਜਾਣ ਕਿ ਉਹੋ ਲੋਕ ਇਸ ਵਿੱਚ ਦਾਖ਼ਲ ਹੋ ਸਕਣ ਜੋ ਆਪਣੀ ਸਚੱਾਈ ਅਤੇ ਪੂਰਨ ਨੇਕ ਚਲਣੀ ਕਰਕੇ ਇਹਨਾਂ ਸ਼ਰਤਾਂ ਦੇ ਪਾਬੰਦ ਹੋਣ । ਇਸ ਲਈ ਉਹ ਤਿੰਨ ਸ਼ਰਤਾਂ ਹਨ ਅਤੇ ਸਾਰਿਆਂ ਨੂੰ ਪੂਰੀਆਂ ਕਰਨੀਆਂ ਹੋਣਗੀਆਂ ।

(1.) ਇਸ ਕਬ੍ਰਿਸਤਾਨ ਦੀ ਮਜੂਦਾ ਜ਼ਮੀਨ ਮੈਂ ਦਾਨ ਵੱਜੋਂ ਆਪਣੇ ਵੱਲੋਂ ਦਿੱਤੀ ਹੈ, ਪਰ ਇਸ ਅਹਾਤੇ ਦੀ ਪੂਰਨਤਾ ਲਈ ਕੁਝ ਹੋਰ ਜ਼ਮੀਨ ਖ਼ਰੀਦੀ ਜਾਵੇਗੀ, ਜਿਸਦਾ ਮੁੱਲ ਇਕ ਅੰਦਾਜ਼ੇ ਅਨੁਸਾਰ ਹਜ਼ਾਰ ਰੁਪਏ ਹੋਵੇਗਾ ਅਤੇ ਇਸ ਨੂੰ ਸੁੰਦਰ ਬਣਾਉਣ ਲਈ ਕੁਝ ਰੁਖੱ ਲਾਏ ਜਾਣਗੇ ਅਤੇ ਇਕ ਖੂਹ ਬਣਵਾਇਆ ਜਾਇਗਾ ਅਤੇ ਇਸ ਕਬ੍ਰਿਸਤਾਨ ਦੇ ਉਤੱਰ ਵੱਲ ਪਾਣੀ ਬਹੁਤ ਠਹਿਰਿਆ ਰਹਿੰਦਾ ਹੈ ਜੋ ਕਿ ਲੰਘਣ ਦਾ ਮਾਰਗ ਹੈ ਇਸ ਲਈ ਉਧੱਰ ਇਕ ਪੁਲ੍ਹ ਤਿਆਰ ਕੀਤਾ ਜਾਵੇਗਾ । ਇਹਨਾਂ ਵੱਖ ਵੱਖ ਖਰਚਿਆਂ ਲਈ 2000 ਰੁਪਏ ਚਾਹੀਦੇ ਹਨ, ਸੋ, ਕੁੱਲ ਤਿੰਨ ਹਜ਼ਾਰ ਰੁਪਏ ਹੋਏ । ਜੋ ਸਾਰਾ ਇਸ ਕੰਮ ਦੀ ਪੂਰਨਤਾ ਲਈ ਖਰਚ ਹੋਵੇਗਾ । ਇਸ ਲਈ ਪਹਿਲੀ ਸ਼ਰਤ ਇਹ ਹੈ ਕਿ ਹਰ ਇਕ ਵਿਅਕਤੀ ਜੋ ਇਸ ਕਬ੍ਰਿਸਤਾਨ ਵਿੱਚ ਦਫ਼ਨ ਹੋਣਾ ਚਾਹੁੰਦਾ ਹੈ ਉਹ ਆਪਣੀ ਸਮਰਥਾ ਅਨੁਸਾਰ ਇਹਨਾਂ ਖ਼ਰਚਿਆਂ ਲਈ ਚੰਦਾ (ਉਗਰਾਹੀ) ਦਾਖ਼ਲ ਕਰੇ । ਇਹ ਚੰਦਾ ਕੇਵਲ ਉਹਨਾਂ ਲੋਕਾਂ ਤੋਂ ਹੀ ਉਗਰਾਇਆ ਜਾਵੇਗਾ ਹੋਰਨਾ ਤੋਂ ਨਹੀਂ । ਹੁਣ ਦੀ ਘੜੀ ਇਹ ਚੰਦਾ ਮੇਰੇ ਭਾਈ ਮੌਲਵੀ ਨੂਰੁੱਦੀਨ ਸਾਹਬ ਕੋਲ ਆਉਣਾ ਚਾਹੀਦਾ ਹੈ, ਪਰੰਤੂ ਜੇਕਰ ਖ਼ੁਦਾ ਨੇ ਚਾਹਿਆ ਤਾਂ ਇਹ ਸਿਲਸਿਲਾ ਸਾਡੀ ਸਾਰਿਆਂ ਦੀ ਮੌਤ ਮਗਰੋਂ ਵੀ ਜਾਰੀ ਰਹੇਗਾ । ਅਜਿਹੀ ਅਵਸਥਾ ਵਿੱਚ ਇਕ ਅੰਜੁਮਨ (ਕਮੇਟੀ) ਚਾਹੀਦੀ ਹੈ ਕਿ ਅਜਿਹੀ ਆਮਦਨੀ

ਦਾ ਧਨ ਜੋ ਸਮੇਂ ਸਮੇਂ ਤੇ ਜਮਾ ਹੁੰਦਾ ਰਹੇਗਾ ਇਸਲਾਮੀ ਕਲਮੇ ਦੇ ਉਥੱਾਨ (ਉਨੱਤੀ) ਅਤੇ ਇਕ ਈਸ਼ਵਰਵਾਦ ਦੇ ਪ੍ਰਸਾਰ ਵਿੱਚ ਜਿਵੇਂ ਉਚਿਤ ਸਮਝਣ ਖ਼ਰਚ ਕਰਨ ।

2. ਦੂਜੀ ਸ਼ਰਤ ਇਹ ਹੈ ਕਿ ਸਾਰੀ ਜਮਾਤ ਵਿੱਚੋਂ ਇਸ ਕਬ੍ਰਿਸਤਾਨ ਵਿੱਚ ਉਹੋ ਦਫ਼ਨ ਹੋਣਗੇ ਜੋ ਇਹ ਵਸੀਯਤ ਕਰਨ ਕਿ ਉਸ ਦੀ ਮੌਤ ਮਗਰੋਂ ਉਸ ਦੀ ਸਾਰੀ ਸੰਪਤੀ ਦਾ ਦਸਵਾਂ ਭਾਗ ਸ਼ਰਤ ਅਨੁਸਾਰ ਇਸ ਸਿਲਸਿਲੇ (ਜਮਾਤ) ਦੇ ਇਸਲਾਮੀ ਪ੍ਰਸਾਰ ਤੇ ਕੁਰਆਨ ਕਰੀਮ ਦੇ ਹੁਕਮਾਂ ਦੇ ਪ੍ਰਚਾਰ ਵਿੱਚ ਖਰਚ ਹੋਵੇਗਾ । ਹਰ ਇਕ ਪੂਰਨ ਈਮਾਨ ਵਾਲੇ ਨੂੰ ਅਧਿਕਾਰ ਹੋਵੇਗਾ ਕਿ ਆਪਣੀ ਵਸੀਯਤ ਵਿੱਚ ਇਸ ਤੋਂ ਵੀ ਵੱਧ ਲਿੱਖ ਦੇਵੇ ਪਰ ਇਸ ਤੋਂ ਘੱਟ ਨਹੀਂ ਹੋਵੇਗਾ । ਇਹ ਮਾਲੀ ਆਮਦਨੀ ਇਕ ਦਿਆਨਤਦਾਰ ਅਤੇ ਵਿਦਵਾਨੀ ਅੰਜੁਮਨ (ਕਮੇਟੀ) ਦੇ ਸੁਪੁਰਦ ਹੋਵੇਗੀ ਅਤੇ ਉਹ ਆਪਸੀ ਸਲਾਹ ਮਸ਼ਵਰਿਆਂ ਨਾਲ ਇਸਲਾਮ ਦੀ ਤਰੱਕੀ, ਕੁਰਆਨ ਕਰੀਮ ਦੇ ਗਿਆਨ ਦਾ ਪ੍ਰਸਾਰ, ਧਾਰਮਕ ਪੁਸਤਕਾਂ ਦਾ ਪ੍ਰਸਾਰ ਅਤੇ ਇਸ ਸਿਲਸਲੇ (ਜਮਾਤ) ਧਾਰਮਕ ਉਪਦੇਸ਼ਾਂ ਲਈ ਉਪਰੋਕਤ ਆਦੇਸ਼ਾਂ ਅਨੁਸਾਰ ਖ਼ਰਚ ਕਰਨਗੇ । ਖ਼ੁਦਾ ਤਆਲਾ ਦਾ ਵਾਦਾ ਹੈ ਉਹ ਇਸ ਸਿਲਇਸਲੇ ਨੂੰ ਤਰੱਕੀ ਦੇਵੇਗਾ । ਇਸ ਲਈ ਆਸ ਕੀਤੀ ਜਾਂਦੀ ਹੈ ਕਿ ਇਸਲਾਮ ਦੇ ਪ੍ਰਸਾਰ ਤੇ ਪ੍ਰਚਾਰ ਲਈ ਅਜਿਹੇ ਮਾਲ ਵੀ ਬਹੁਤ ਇਕਤੱਰ ਹੋ ਜਾਣਗੇ । ਹਰ ਇਕ ਕਾਰਜ ਜੋ ਇਸਲਾਮ ਦੇ ਪ੍ਰਚਾਰ ਤੇ ਪ੍ਰਸ਼ਾਸਨ ਨਾਲ ਸੰਬੰਧਤ ਹੈ ਜਿਸ ਦੀ ਵਿਆਖਿਆ ਕਰਨਾ ਸਮੇਂ ਤੋਂ ਪਹਿਲਾਂ ਹੈ। ਉਹ ਸਾਰੇ ਕਾਰਜ ਇਸ ਧਨ ਰਾਹੀਂ ਪੂਰਨ ਹੋਣਗੇ । ਜੱਦ ਇਕ ਸੰਗਠਨ ਜੋ ਇਸ ਕਾਰਜ ਦਾ ਉਤੱਰਦਾਈ ਹੈ ਪੂਰਾ ਹੋ ਜਾਵੇਗਾ ਤਾਂ ਉਹ ਲੋਕ ਜੋ ਉਹਨਾਂ ਦੇ ਉਤੱਰਾਧਿਕਾਰੀ ਹੋਣਗੇ, ਉਹਨਾਂ ਦਾ ਵੀ ਇਹੋ ਫ਼ਰਜ਼ ਹੋਵੇਗਾ ਕਿ ਉਹਨਾਂ ਸਾਰੀਆਂ ਸੇਵਾਂਵਾਂ ਨੂੰ ਜੋ ਸਿਲਸਿਲਾ ਅਹਮਦੀਆ ਦੇ ਅਦੇਸ਼ਾਂ ਅਨੁਸਾਰ ਪੂਰਨ ਕਰਨ । ਇਸ ਧਨ ਵਿੱਚ ਯਤੀਮਾਂ, ਮਿਸਕੀਨਾ ਅਤੇ ਨਵੇਂ ਮੁਸਲਮਾਨਾਂ ਦਾ ਵੀ ਹੱਕ ਹੋਵੇਗਾ ਜੋ ਰੋਜ਼ਗਾਰ ਦੇ ਸਾਧਨ ਨਹੀਂ ਰਖੱਦੇ ਅਤੇ ਸਿਲਸਿਲਾ ਅਹਮਦੀਆ ਵਿੱਚ ਦਾਖ਼ਲ ਹਨ । ਉਚਿਤ ਹੋਵੇਗਾ ਕਿ ਇਸ ਧਨ ਨੂੰ ਵਪਾਰਕ ਢੰਗ ਨਾਲ ਵਧਾਇਆ ਜਾਵੇ ।

ਇਹ ਵਿਚਾਰ ਨ ਕਰੋ ਕਿ ਇਹ ਕੇਵਲ ਕਲਪਨਾ ਦੀਆਂ ਗੱਲਾਂ ਹਨ, ਸਗੋਂ ਇਹ ਉਸ ਕਾਦਰ ਖ਼ੁਦਾ ਦਾ ਇਰਾਦਾ ਹੈ ਜੋ ਧਰਤੀ ਤੇ ਅਕਾਸ਼ਾਂ ਦਾ ਬਾਦਸ਼ਾਹ ਹੈ । ਮੈਂਨੂੰ ਇਸ ਗੱਲ ਦੀ ਚਿੰਤਾ ਨਹੀਂ ਕਿ ਇਹ ਧਨ ਕਿਵੇਂ ਇਕਤੱਰ ਹੋਵੇਗਾ ਅਤੇ ਅਜਿਹੀ ਜਮਾਤ ਕਿਵੇਂ ਪੈਦਾ ਹੋਵੇਗੀ ਜੋ ਈਮਾਨਦਾਰੀ ਦੇ ਜੋਸ਼ ਨਾਲ ਇਹ ਮਰਦਾਨਾ ਕੰਮ ਦਿਖਾਵੇ, ਸਗੋਂ ਮੈਨੂੰ ਇਹ ਚਿੰਤਾ ਹੈ ਕਿ ਸਾਡੇ ਸਮੇਂ ਮਗਰੋਂ ਉਹ ਲੋਕ ਜਿੰਨ੍ਹਾ ਦੇ ਸੁਪੁਰਦ ਅਜਿਹੇ ਧਨ ਕੀਤੇ ਜਾਣਗੇ, ਉਹ ਬਹੁਤੇ ਮਾਲ ਨੂੰ ਦੇਖਕੇ ਠੋਕਰ ਨ ਖਾਣ ਅਤੇ ਦੁਨੀਆ ਨਾਲ ਪ੍ਰੇਮ ਨ ਕਰ ਬਹਿਣ । ਸੋ, ਮੈਂ ਦੁਆ ਕਰਦਾ ਹਾਂ ਕਿ ਅਜਿਹੇ ਅਮੀਨ (ਈਮਾਨਦਾਰ) ਹਮੇਸ਼ਾ ਸਿਲਸਿਲੇ ਦੇ ਹੱਥ ਆਉਂਦੇ ਰਹਿਣ ਜੋ ਰੱਬ ਖ਼ਾਤਰ ਕੰਮ ਕਰਨ । ਹਾਂ ! ਉਚਿਤ ਹੋਵੇਗਾ ਕਿ ਜਿੰਨ੍ਹਾ ਦਾ ਕੁਝ ਗੁਜ਼ਾਰਾ ਨ ਹੋਵੇ ਉਹਨਾਂ ਨੂੰ ਮਦਦ ਵੱਜੋਂ ਖਰਚਾ ਇਸ ਵਿੱਚੋਂ ਦਿਤੱਾ ਜਾਵੇ ।

3. ਤੀਜੀ ਸ਼ਰਤ ਇਹ ਹੈ ਕਿ ਇਸ ਕਬ੍ਰਿਸਤਾਨ ਵਿੱਚ ਦਫ਼ਨ ਹੋਣ ਵਾਲਾ ਮੁਤੱਕੀ (ਸੰਜਮੀ) ਹੋਵੇ ਅਤੇ ਅਵੈਧ ਕਾਰਜਾਂ ਤੋਂ ਬਚਦਾ ਹੋਵੇ ਅਤੇ ਕੋਈ ਵੀ ਸ਼ਿਰਕ ਅਤੇ ਕੁਰੀਤੀਆਂ ਦਾ ਕੰਮ ਨ ਕਰਦਾ ਹੋਵੇ । ਸਚੱਾ ਤੇ ਸਾਫ਼ ਮੁਸਲਮਾਨ ਹੋਵੇ ।

4. ਹਰ ਇਕ ਨੇਕ ਜੇ ਉਸ ਦੀ ਕੋਈ ਵੀ ਸੰਪਤੀ ਨਹੀਂ ਅਤੇ ਕੋਈ ਮਾਲੀ (ਧਨ ਰਾਹੀਂ) ਮਦਦ ਨਹੀਂ ਕਰ ਸਕਦਾ, ਜੇਕਰ ਇਹ ਸਿੱਧ ਹੋਵੇ ਕਿ ਉਹ ਦੀਨ (ਧਰਮ) ਲਈ ਆਪਣਾ ਜੀਵਨ ਵਕਫ਼ ਰਖੱਦਾ ਸੀ, ਨੇਕ ਤੇ ਸਦਾਚਾਰੀ ਸੀ ਇਸ ਕਬ੍ਰਿਸਤਾਨ ਵਿੱਚ ਦਫ਼ਨ ਹੋ ਸਕਦਾ ਹੈ ।

# ਆਦੇਸ਼

1. ਹਰ ਇਕ ਮਨੁੱਖ ਜੋ ਉਪੱਰ ਦੱਸੀਆਂ ਸ਼ਰਤਾਂ ਅਨੁਸਾਰ ਕੋਈ ਵਸੀਯਤ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਦੀ ਵਸੀਯਤ ਉਪੱਰ ਅਮਲ ਦਰਾਮਦ ਉਹਨਾਂ ਦੀ ਮੌਤ ਮਗਰੋਂ ਹੋਵੇਗਾ, ਪਰ ਵਸੀਯਤ ਨੂੰ ਲਿਖੱ ਕੇ ਇਸ ਸਿਲਸਿਲੇ (ਜਮਾਤ) ਦੇ ਅਮੀਨ ਕਾਰਜਕਾਰੀ ਦੇ ਸੁਪੁਰਦ ਕਰਨਾ ਲਾਜ਼ਮੀ ਹੋਵੇਗਾ ਅਤੇ ਅਜਿਹਾ ਹੀ ਛਾਪ ਕੇ ਪ੍ਰਕਾਸ਼ਤ ਕਰਨਾ ਵੀ, ਕਿਉਕਿ ਮੌਤ ਦੇ ਸਮੇਂ ਅਧਿਕਤਰ ਵਸੀਯਤ ਦਾ ਲਿਖੱਣਾ ਔਖਾ ਹੋ ਜਾਂਦਾ ਹੈ । ਕਿਉਂਕਿ ਅਕਾਸ਼ੀ ਨਿਸ਼ਾਨਾਂ (ਚਮਤਕਾਰਾਂ) ਅਤੇ ਬਲਾਵਾਂ ਦੇ ਦਿਨ ਨੇੜੇ ਹਨ । ਇਸ ਲਈ ਖ਼ੁਦਾ ਤਆਲਾ ਦੇ ਨੇੜੇ ਅਜਿਹੇ ਸਮੇਂ ਵਿੱਚ ਵਸੀਯਤ ਲਿਖੱਣ ਵਾਲਾ ਬਹੁਤ ਦਰਜਾ ਰਖੱਦਾ ਹੈ । ਜੋ ਅਮਨ ਦੀ ਅਵਸਥਾ ਵਿੱਚ ਵਸੀਯੱਤ ਲਿਖੱਦਾ ਹੈ ਅਤੇ ਉਸ ਵਸੀਯੱਤ ਦੇ ਲਿਖੱਣ ਵਿੱਚ ਜਿਸ ਦਾ ਧਨ ਸਦਾ ਸੀਹਯੋਗ ਦੇਣ ਵਾਲਾ ਹੋਵੇਗਾ ਉਸਨੂੰ ਹਮੇਸ਼ਾ ਪੁੰਨ ਪ੍ਰਾਪਤ ਹੋਵੇਗਾ ਅਤੇ ਸਦੈਵ ਜਾਰੀ ਦਾਨ ਦੇ ਹੁਕੁਮ ਹੇਠ ਹੋਵੇਗਾ । 2. ਹਰ ਇਕ ਮਨੁਖੱ ਜੋ ਕਿਸੇ ਹੋਰ ਅਸਥਾਨ ਵਿੱਚ ਹੋਣ ਜੋ ਕਾਦੀਆਂ ਤੋਂ ਦੂਰ, ਇਸ ਦੇ ਦੇਸ਼ ਦੇ ਕਿਸੇ ਹੋਰ ਖੇਤਰ ਵਿੱਚ ਅਤੇ ਉਹ ਇਹਨਾਂ ਸ਼ਰਤਾਂ ਦੇ ਪਾਬੰਦ ਹੋਣ ਜੋ ਉਪੱਰ ਦਰਜ ਹੋ ਚੁਕੀਆਂ ਹਨ ਤਾਂ ਉਹਨਾਂ ਦੇ ਵਾਰਸਾਂ ਨੂੰ ਚਾਹੀਦਾ ਹੈ ਕਿ ਉਹਨਾਂ ਦੀ ਮੌਤ ਮਗਰੋਂ ਇਕ ਸੰਦੂਕ (ਬਕਸੇ) ਵਿੱਚ ਉਹਨਾਂ ਦੀ ਮ੍ਰਿਤਕ ਦੇਹਿ ਰੱਖ ਕੇ ਕਾਦੀਆਂ ਪਹੁੰਚਾਉਣ ਅਤੇ ਜੇਕਰ ਇਸ ਕਬ੍ਰਿਸਤਾਨ ਦੇ ਪੂਰਨਤਾ ਤੋਂ ਪਹਿਲਾਂ ਅਰਥਾਤ ਪੁਲ੍ਹ ਆਦਿ ਦੀ ਤਿਆਰੀ ਤੋਂ ਅਗੇਤਰ ਹੀ ਕੋਈ ਸਾਹਬ ਅਕਾਲ ਚਲਾਣਾ ਕਰ ਜਾਵੇ ਜੋ ਸ਼ਰਤਾਂ ਅਨੁਸਾਰ ਇਸ ਕਬ੍ਰਿਸਤਾਨ ਵਿੱਚ ਦਫ਼ਨ ਹੋਣਗੇ ਉਹਨਾਂ ਨੂੰ ਅਮਾਨਤ ਵੱਜੋਂ ਸੰਦੂਕਚੇ ਵਿੱਚ ਰਖੱਕੇ ਆਪਣੇ ਅਸਥਾਨ ਵਿੱਚ ਦਫ਼ਨ ਕੀਤੇ ਜਾਣ । ਫ਼ਿਰ ਸਾਰੀਆਂ ਲੋੜੀਂਦੀਆਂ ਗਲੱਾਂ ਦੀ ਤਿਆਰੀ ਮਗਰੋਂ ਜੋ ਕਬ੍ਰਿਸਤਾਨ ਲਈ ਜ਼ਰੂਰੀ ਹਨ ਉਹਨਾਂ ਦੀ ਮ੍ਰਿਤਕ ਦੇਹਿ ਕਾਦੀਆਂ ਲਿਆਂਦੀ ਜਾਵੇ । ਪਰ ਉਹ ਮਨੁਖੱ ਜੋ ਸੰਦੂਕਚੇ ਤੋਂ ਬਿਨਾ ਦਫ਼ਨ ਕੀਤੇ ਜਾਣ, ਉਹਨਾਂ ਦਾ

ਕਬਰ 'ਚੋਂ ਕਢੱਣਾ ਉਚਿਤ ਨਹੀਂ ਹੋਵੇਗਾ[1] । ਸਪਸ਼ਟ ਹੋਵੇ ਰੱਬ ਦੀ ਇਛੱਾ ਹੈ ਕਿ ਅਜਿਹੇ ਪੂਰਨ ਈਮਾਨ ਵਾਲੇ ਇਕ ਹੀ ਅਸਥਾਨ 'ਤੇ ਦਫ਼ਨ ਹੋਣ ਤਾਂ ਜੋ ਭਵਿੱਖ ਦੀਆਂ ਪੀੜ੍ਹੀਆਂ ਇਕ ਹੀ ਅਸਥਾਨ 'ਤੇ ਉਹਨਾਂ ਨੂੰ ਦੇਖ ਕੇ ਆਪਣਾ ਈਮਾਨ ਤਾਜ਼ਾ ਕਰਨ ਅਤੇ ਉਹਨਾਂ ਦੇ ਕਾਰਨਾਮੇ ਅਰਥਾਤ ਖ਼ੁਦਾ ਲਈ ਉਹਨਾਂ ਨੇ ਜੋ ਧਾਰਮਕ ਕੰਮ ਕੀਤੇ ਉਹ ਹਮੇਸ਼ਾ ਲੋਕਾਂ ਉਪੱਰ ਪ੍ਰਗਟ ਹੋਣ ।

ਅੰਤ ਵਿੱਚ ਅਸੀਂ ਦੁਆ ਕਰਦੇ ਹਾਂ ਕਿ ਖ਼ੁਦਾ ਤਆਲਾ ਇਸ ਕੰਮ ਵਿੱਚ ਹਰ ਇਕ ਮੁਖ਼ਲਿਸ ਨੂੰ ਮਦਦ ਦੇਵੇ ਅਤੇ ਈਮਾਨ ਦਾ ਜੋਸ਼ ਉਹਨਾਂ ਵਿੱਚ ਪੈਦਾ ਕਰੇ ਅਤੇ ਉਹਨਾਂ ਦਾ ਅੰਤ ਚੰਗਾ ਹੋਵੇ ।

ਉਚਿਤ ਹੋਵੇਗਾ ਕਿ ਹਰ ਇਕ ਮਨੁਖੱ ਸਾਡੀ ਜਮਾਤ ਵਿੱਚੋਂ ਜਿੰਨ੍ਹਾ ਨੂੰ ਇਹ ਲੇਖਣੀ ਪ੍ਰਾਪਤ ਹੋਵੇ ਉਹ ਆਪਣੇ ਮਿਤੱਰਾਂ ਵਿੱਚ ਇਸ ਦਾ ਵਿਗਿਆਪਨ ਕਰਨ ਅਤੇ ਜਿੱਥੋਂ ਤੱਕ ਹੋ ਸਕੇ ਇਸ ਨੂੰ ਪ੍ਰਕਾਸ਼ਤ ਕਰਨ ਅਤੇ ਆਪਣੀ ਭਵਿੱਖ ਦੀ ਪੀੜ੍ਹੀ ਲਈ ਇਸ ਨੂੰ ਸੁਰੱਖਿਅਤ ਰਖੱਣ । ਆਪਣੇ ਵਿਰੋਧੀਆਂ ਨੂੰ ਵੀ ਸਭਿਆ ਢੰਗ ਨਾਲ ਇਸ ਦੀ ਸੂਚਨਾ ਦੇਣ ਅਤੇ ਹਰ ਇਕ ਬਦਗੋ (ਕੁਬੋਲੇ) ਦੀ ਬਦਗੋਈ (ਕੁਬੋਲਾਂ) 'ਤੇ ਸਬਰ (ਧੀਰਜ, ਸੰਜਮ) ਕਰੋ ਅਤੇ ਦੁਆ ਵਿੱਚ ਲੱਗੇ ਰਹੋ । ਵ ਆਖ਼ਿਰੋ ਦਾਅਵਾਨਾ ਅਨਿਲ ਹਮਦੋ ਲਿਲੱਾਹੇ ਰੱਬਿਲ ਆਲਾਮੀਨ (وَاٰخِرُ دَعْوٰنَا اَنِ الْحَمْدُ لِلّٰهِ رَبِّ الْعَالَمِيْنَ)

ਅਰ ਰਾਕਿਮ ਖ਼ਾਕਸਾਰ

ਅਲਮੁਫ਼ਤਕਿਰ ਇਲਲੱਾਹ ਹਿਸੱਮਦ ਗ਼ੁਲਾਮ ਅਹਮਦ ਆਫ਼ਾਹੁਲੱਾਹ ਵ ਅਯੱਦ

**20, ਦਸੰਬਰ 1905 ਈ.**

---

[1] ਕੋਈ ਨਾਦਾਨ (ਅਣਜਾਨ) ਇਸ ਕਬ੍ਰਿਸਤਾਨ ਅਤੇ ਇਸ ਦੇ ਪ੍ਰਬੰਧ ਨੂੰ ਕੁਰੀਤੀ ਵਿੱਚ ਫੱਸਿਆ ਨ ਸਮਝੇ ਕਿਉਕਿ ਇਹ ਪ੍ਰਬੰਧ ਇਲਾਹੀ ਬਾਣੀ ਅਨੁਸਾਰ ਹੈ ਅਤੇ ਮਨੁਖੱ ਦਾ ਇਸ ਵਿੱਚ ਕੋਈ ਦਖ਼ਲਾ ਨਹੀਂ । ਕੋਈ ਇਹ ਵਿਚਾਰ ਨ ਕਰੇ ਕਿ ਕੇਵਲ ਇਸ ਕਬ੍ਰਿਸਤਾਨ ਵਿੱਚ ਦਾਖ਼ਲ ਹੋਣ ਨਾਲ ਕੋਈ ਬਹਿਸ਼ਤੀ ਕਿਵੇਂ ਹੋ ਸਕਦਾ ਹੈ । ਕਿਉਂਕਿ ਇਹ ਅਰਥ ਨਹੀਂ ਹੈ ਕਿ ਇਹ ਧਰਤੀ ਕਿਸੇ ਨੂੰ ਬਹਿਸ਼ਤੀ ਕਰ ਦੇਵੇਗੀ । ਸਗੋਂ ਖ਼ੁਦਾ ਦੀ ਬਾਣੀ ਦਾ ਇਹ ਅਰਥ ਹੈ ਕਿ ਕੇਵਲ ਬਹਿਸ਼ਤੀ ਹੀ ਇਸ ਵਿੱਚ ਦਫ਼ਨ ਕੀਤਾ ਜਾਵੇਗਾ ।

# ਫ਼ਾਰਸੀ ਨਜ਼ਮ (ਕਵਿਤਾ) ਦਾ ਪੰਜਾਬੀ ਰੂਪਾਂਤਰ

ਅਲਾ ਐ ਕਿ ਹੁਸ਼ਿਆਰੀ ਵ ਪਾਕ ਜ਼ਾਦ ।
ਪਏ ਹਿਰਸੇ ਦੁਨੀਆ ਮਦਹ ਦੀਂ ਬਯਾਦ ।।
ਬਦੀਂ ਦਾਰਿ ਫ਼ਾਨੀ ਦਿਲੇ ਖ਼ੁਦ ਮਬੰਦ ।
ਕਿ ਵਾਰਿਦ ਨਿਹਾਂ ਰਾਹਤਸ਼ ਸਦ ਗ਼ਜ਼ੰਦ ।।
ਅਗਰ ਬਾਜ਼ ਬਾਸ਼ਦ ਤੁਰਾ ਗੋਸ਼ੇ ਹੋਸ਼ ।
ਜ਼ਿਗੋਰਤ ਨਿਦਾਏ ਦਰ ਆਇਦ ਬਗੋਸ਼ ।।
ਕਿ ਐ ਤਅਮਏ ਮਨ ਪਸ ਅਜ਼ ਚੰਦ ਰੋਜ਼ ।
ਪਏ ਫ਼ਿਕਰੇ ਦੁਨੀਆਏ ਦੂੰ ਕੰਮ ਬਸੋਜ਼ ।।
ਹਰ ਆਂ ਕੋ ਬਦੁਨੀਆਏ ਦੂੰ ਮੁਬਤਲਾ ਅਸਤ ।
ਗ੍ਰਿਫ਼ਤਾਰੇ ਰੰਜੋ ਅਜ਼ਾਬ ਵ ਅਨਾ ਅਸਤ ।।
ਬਰਸਤ ਆਂਕਿ ਬਰ ਮੌਤ ਦਾਰਦ ਨਿਗਾਹ ।
ਬਰੀਦਹ ਜ਼ ਦੁਨੀਆ ਦਵੀਦਹ ਬਰਾਹ ।।
ਸਫ਼ਰ ਕਰਦਹ ਪੇਸ਼ ਅਜ਼ ਸਫ਼ਰ ਸੂਏ ਯਾਰ ।
ਕਸ਼ੀਦਹ ਜ਼ ਦੁਨੀਆ ਹਮਹ ਰਖ਼ਤੋ ਬਾਰ ।।
ਪਏ ਦਾਰੇ ਉਕਬਾ ਕਮਰ ਬਸਤਾ ਚੁਸਤ ।
ਰਿਹਾ ਕਰਦਹ ਸਾਮਾਨੇ ਈਂ ਖ਼ਾਨਾ ਸੁਸਤ ।।
ਚੂ ਕਾਰੇ ਹਯਾਤ ਅਸਤ ਕਾਰੇ ਨਿਹਾਂ ।
ਹਮਾਂ ਬਿਹ ਕਿ ਦਿਲ ਬਿਗਸਲੀ ਜ਼ੀਂ ਮਕਾਂ ।।
ਜਹੱਨਮ ਕਜ਼ੋ ਦਾਦ ਫ਼ੁਰਕਾਂ ਖ਼ਬਰ ।
ਹਮੀਂ ਹਿਰਸੇ ਦੁਨੀਆ ਅਸਤ ਜਾਨੇ ਪਿਦਰ ।।
ਚੂ ਆਖ਼ਰ ਜ਼ ਦੁਨੀਆ ਸਫ਼ਰ ਕਰਦਨ ਅਸਤ ।
ਚੂ ਰੋਜ਼ੇ ਜ਼ੀਂ ਰਹ ਗੁਜ਼ਰ ਕਰਦਨ ਅਸਤ ।।
ਚਿਰਾ ਆਕਿਲੇ ਦਿਲ ਬਿਹ ਬੰਦੁ ਦਰਾਂ ।

ਕਿ ਨਾਗਾਹ ਵ ਜ਼ਦ ਬਰ ਗੁਲੇ ਓ ਖ਼ਿਜ਼ਾਂ ।।
ਬਦੀਂ ਕਹਬਹ ਬਸਤਨ ਦਿਲ ਖ਼ੁਦ ਖ਼ਤਾ ਅਸਤ ।
ਕਿ ਈਂ ਦੁਸ਼ਮਨੇ ਦੀਂਨੇ ਸਿਦਕੋ ਸਫ਼ਾ ਅਸਤ ।।
ਚਿ ਹਾਸਲ ਅਜ਼ੀਂ ਦਲਿਸਤਾਨੇ ਦੋ ਰੰਗ ।
ਕਿ ਗਾਹੇ ਬਸੁਲਹਤ ਕੁਸ਼ਦ ਗਹ ਬਜੰਗ ।।
ਚਿਰਾ ਦਿਲ ਨ ਬੰਦੀ ਬਦਾਂ ਦਿਲਸਤਾਂ ।
ਕਿ ਮਿਹਰਸ਼ ਰਿਹਾ ਨਦ ਜ਼ਿ ਬੰਦੇ ਗਿਰਾਂ ।।
ਬਿਰੋ ਫ਼ਿਕਰੇ ਅੰਜਾਮ ਕੁਨ ਐ ਗ਼ਵੀ ।
ਜ਼ਿ ਸਅਦੀ ਸ਼ਿਨੋ ਗਰ ਜ਼ਮਨ ਨਸ਼ਨਵੀ ।।
ਉਰੂਸੀ ਬੂਦ ਨੋਬਤੇ ਮਾਤਮਤ ।
ਅਗਰ ਪਰ ਨ ਕੋਈ ਬੂਦ ਖ਼ਾਤਮਤ ।।

# ਅਲਵਸੀਯੱਤ

## ਜ਼ਮੀਮਾ ਬਾਬਤ ਰਸਾਲਾ ਅਲਵਸੀਯੱਤ

ਰਸਾਲਾ (ਪੁਸਤਿਕਾ) ਅਲਵਸੀਯੱਤ ਬਾਰੇ ਕੁਝ ਜ਼ਰੂਰੀ ਗੱਲਾਂ ਪ੍ਰਕਾਸ਼ਨ ਯੋਗ ਹਨ, ਜੋ ਹੇਠਾਂ ਦਰਜ ਕੀਤੀਆਂ ਜਾਂਦੀਆਂ ਹਨ :-

1. ਪਹਿਲੀ ਇਹ ਕਿ ਜਦ ਤਕ ਅੰਜੁਮਨ ਕਾਰਪ੍ਰਦਾਜ਼ ਮਸਾਲੇਹ ਕਬ੍ਰਿਸਤਾਨ (ਕਬ੍ਰਿਸਤਾਨ ਦੇ ਪ੍ਰਬੰਧ ਬਾਰੇ ਕਾਰਜਕਾਰੀ ਸਮਿਤਿ ) ਇਸ ਗੱਲ ਨੂੰ ਪ੍ਰਕਾਸ਼ਿਤ ਨ ਕਰੇ ਕਿ ਕਬ੍ਰਿਸਤਾਨ ਸੰਪੂਰਨ ਲੋੜੀਂਦੀਆਂ ਲੋੜਾਂ ਅਨੁਸਾਰ ਪੂਰਨ ਰੂਪ ਵਿਚੱ ਤਿਆਰ ਹੋ ਗਿਆ ਹੈ । ਉਸ ਸਮੇਂ ਤਕੱ ਉਚਿੱਤ ਨਹੀਂ ਹੋਵੇਗਾ ਕਿ ਉਸ ਦੀ ਮ੍ਰਿਤਕ ਦੇਹਿ ਜਿਸਨੇ ਰਸਾਲਾ ਅਲਵਸੀਯੱਤ ਦੀਆਂ ਸ਼ਰਤਾਂ ਦੀ ਪਬੰਦੀ ਕੀਤੀ ਹੈ ਕਬ੍ਰਿਸਤਾਨ ਵਿਚੱ ਦਫ਼ਨ ਕਰਨ ਲਈ ਲਿਆਂਦੀ ਜਾਵੇ, ਸਗੋਂ ਪੁਲੱ ਆਦਿ ਜ਼ਰੂਰੀ ਚੀਜ਼ਾਂ ਦਾ ਪਹਿਲਾਂ ਤਿਆਰ ਹੋ ਜਾਣਾ ਜ਼ਰੂਰੀ ਹੋਵੇਗਾ ਅਤੇ ਉਸ ਸਮੇਂ ਤਕੱ ਮ੍ਰਿਤਕ ਸ਼ਰੀਰ ਇਕ ਸੰਦੂਕ ਵਿਚੱ ਅਮਾਨਤ ਦੇ ਰੂਪ ਵਿਚੱ ਕਿਸੇ ਹੋਰ ਕਬ੍ਰਿਸਤਾਨ ਵਿਚੱ ਰੱਖਿਆ ਜਾਵੇਗਾ।

2. ਹਰ ਇਕ ਵਿਅਕਤੀ ਜੋ ਰਸਾਲਾ ਅਲਵਸੀਯੱਤ ਦੀਆਂ ਸ਼ਰਤਾਂ ਦੀ ਪਾਬੰਦੀ ਦਾ ਇਕਰਾਰ ਕਰਨ ਜ਼ਰੂਰੀ ਹੋਵੇਗਾ ਕਿ ਉਹ ਅਜਿਹਾ ਬਚਨ ਘੱਟੋ ਘਟੱ ਦੋ ਗਵਾਹਾਂ ਦੀ ਲਿੱਖਤੀ ਗਵਾਹੀ ਨਾਲ ਆਪਣੇ ਹੋਸ਼ਓਹਵਾਸ ਵਿਚੱ ਅੰਜੁਮਨ ਦੇ ਹਵਾਲੇ ਕਰਨ, ਅਤੇ ਵਿਸਥਾਰ ਨਾਲ ਲਿਖੱਣ ਕਿ ਉਹ ਆਪਣੀ ਕੁਲੱ ਸੰਪਤੀ ਚਲ ਅਤੇ ਅਚਲ ਦਾ ਦਸਵਾਂ ਭਾਗ ਸਿਲਸਿਲਾ ਅਹਮਦੀਆ ਉਦੇਸ਼ਿਆਂ ਪ੍ਰਚਾਰ ਤੇ ਪ੍ਰਸਾਰ ਲਈ ਵਸੀਯੱਤ ਵੱਜੋਂ ਜਾਂ ਵਕਫ਼ ਕਰਦਾ ਹਾਂ । ਜ਼ਰੂਰੀ ਹੋਵੇਗਾ ਕਿ ਉਹ ਘੱਟੋ ਘਟੱ ਦੋ ਸਮਾਚਾਰ ਪਤੱਰਾਂ ਵਿੱਚ ਪ੍ਰਕਾਸ਼ਤ ਕਰਵਾ ਦੇਣ ।

3. ਅੰਜੁਮਨ ਦਾ ਫ਼ਰਜ਼ ਹੋਵੇਗਾ ਕਿ ਕਨੂਨੀ ਅਤੇ ਸ਼ਰਈ ਤੌਰ'ਤੇ ਵਸੀਯੱਤ ਕੀਤੀ ਲਿਖੱਤ ਬਾਰੇ ਆਪਣੀ ਪੂਰੀ ਤਸੱਲੀ ਕਰਕੇ ਵਸੀਯੱਤ ਕਰਤਾ ਨੂੰ ਇਕ ਸਰਟੀਫ਼ਿਕੇਟ ਆਪਣੇ ਹਸਤਾਖ਼ਰਾਂ ਅਤੇ ਮੁਹਰ ਲਾਕੇ ਦੇ ਦੇਵੇ । ਫਿਰ ਜਦੱ ਉਪ੍ਰੋਕਤ ਨੀਯੱਮਾਂ ਅਨੁਸਾਰ ਕੋਈ ਮਯੱਤ (ਮ੍ਰਿਤਕ ਦੇਹਿ) ਇਸ

ਕਬ੍ਰਿਸਤਾਨ ਵਿਚੱ ਲਿਆਂਦੀ ਜਾਵੇ ਤਾਂ ਜ਼ਰੂਰੀ ਹੋਵੇਗਾ ਕਿ ਉਹ ਸਰਟੀਫ਼ਿਕੇਟ ਅੰਜੁਮਨ ਨੂੰ ਦਿਖਾਇਆ ਜਾਵੇ ਅਤੇ ਅੰਜੁਮਨ ਦੇ ਆਦੇਸ਼ ਤੇ ਥਾਂ ਨਿਰਧਾਰਨ ਅਨੁਸਾਰ ਉਸ ਮਯੱਤ ਨੂੰ ਦਫ਼ਨਾਇਆ ਜਾਵੇ ਜੋ ਅੰਜੁਮਨ ਨੇ ਉਸ ਦੇ ਲਈ ਨਿਰਧਾਰਿਤ ਕੀਤਾ ਹੈ ।

4. ਇਸ ਕਬ੍ਰਿਸਤਾਨ ਵਿਚੱ ਸਿਵਾਏ ਕਿਸੇ ਵਿਸੇਸ਼ ਅਵਸਥਾ ਦੇ ਜੋ ਅੰਜੁਮਨ ਨਿਰਧਾਰਿਤ ਕਰੇ  ਨਾਬਾਲਗ਼ ਬੱਚੇ ਦਫ਼ਨ ਨਹੀਂ ਹੋਣਗੇ ਕਿਉਂਕਿ ਉਹ ਬਹਿਸ਼ਤੀ (ਸਵਰਗਵਾਸੀ) ਹਨ । ਅਤੇ ਨ ਹੀ ਇਸ ਕਬ੍ਰਿਸਤਾਨ ਵਿਚੱ ਉਸ ਮਯੱਤ (ਮ੍ਰਿਤਕ) ਦਾ ਕੋਈ ਹੋਰ ਨਿਕਟਵ੍ਰਤੀ ਸਾਕ ਸੰਬੰਧੀ ਵੀ ਦਫ਼ਨ ਨਹੀਂ ਹੋਵੇਗਾ ਜਦੱ ਤਕੱ ਉਹ ਆਪ ਆਪਣੇ ਤੌਰ'ਤੇ ਅਲਵਸੀਯੱਤ ਦੀਆਂ ਪੂਰਨ ਸ਼ਰਤਾਂ ਨੂੰ ਪੂਰਾ ਨ ਕਰੇ ।

5. ਹਰ ਇਕ ਮਯੱਤ ਜੋ ਕਾਦੀਆਂ ਦੀ ਧਰਤੀ ਵਿਚੱ ਮੌਤ ਨੂੰ ਪ੍ਰਾਪਤ ਨ ਹੋਵੇ ਉਸ ਨੂੰ ਸੰਦੂਕ ਦੇ ਬਿਨਾਂ ਕਾਦੀਆਂ ਵਿਚੱ ਲਿਆਉਣਾ ਉਚਿਤ ਨਹੀਂ ਹੋਵੇਗਾ ਅਤੇ ਇਹ ਵੀ ਜ਼ਰੂਰੀ ਹੋਵੇਗਾ ਕਿ ਘੱਟੋ ਘਟੱ ਇਕ ਮਹੀਨਾ ਪਹਿਲਾਂ ਸੂਚਨਾ ਦੇਣ ਤਾਂ ਜੋ ਜੇਕਰ ਅੰਜੁਮਨ ਨੂੰ ਕਬ੍ਰਿਸਤਾਨ ਬਾਰੇ ਕੋਈ ਰੋਕ ਹੋਵੇ ਤਾਂ ਉਸ ਨੂੰ ਦੂਰ ਕਰਕੇ ਆਗਿਆ ਦੇਵੇ ।

6. ਜੇ ਕਰ ਕਿਸੇ ਵਿਅਕਤੀ ਦੀ ਰਬੱ ਨ ਕਰੇ ਤਾਊਨ (ਪਲੇਗ) ਦੇ ਰੋਗ ਕਾਰਨ ਮੌਤ ਹੋ ਜਾਂਦੀ ਹੈ ਅਤੇ ਉਸ ਨੇ ਰਸਾਲਾ ਅਲਵਸੀਯੱਤ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਹੋਈਆਂ ਹਨ ਉਹਨਾਂ ਬਾਰੇ ਇਹ ਜ਼ਰੂਰੀ ਆਗਿਆ ਹੈ ਕਿ ਉਸ ਨੂੰ ਕਿਸੇ ਸੰਦੂਕ ਵਿਚੱ ਰਖੱ ਕੇ ਦੋ ਵਰ੍ਹਿਆਂ ਤਕੱ ਕਿਸੇ ਵਖੱਰੀ ਥਾਂ ਵਿਚੱ ਅਮਾਨਤ ਵੱਜੋ ਦਫ਼ਨ ਕੀਤਾ ਜਾਵੇ । ਦੋ ਵਰ੍ਹਿਆਂ ਮਗਰੋਂ ਅਜੇਹੀ ਰੁਤੱ ਵਿਚੱ ਲਿਆਂਦਾ ਜਾਵੇ ਕਿ ਉਸ ਮਰਨ ਵਾਲੇ ਦੀ ਥਾਂ ਅਤੇ ਕਾਦੀਆਂ ਵਿਚੱ ਤਾਊਨ (ਪਲੇਗ) ਨ ਹੋਵੇ ।

7. ਚੇਤੇ ਰਹੇ ਕਿ ਇਹ ਬਹੁਤ ਨਹੀਂ ਹੋਵੇਗਾ ਕਿ ਕੇਵਲ ਚਲ ਤੇ ਅਚਲ ਜਾਇਦਾਦ ਦਾ ਦਸਵਾਂ ਭਾਗ ਦਿਤਾੱ ਜਾਵੇ, ਸਗੋਂ ਜ਼ਰੂਰੀ ਹੋਵੇਗਾ ਕਿ ਅਜੇਹਾ ਵਸੀਯੱਤ ਕਰਤਾ ਜਿੱਥੋਂ ਤਕੱ ਸੰਭਵ ਹੋ ਸਕੇ ਇਸਲਾਮੀ ਹੁਕਮਾਂ ਦਾ ਪਾਬੰਦ, ਸੰਜਮਤਾ ਤੇ ਪਵਿਤੱਰਤਾ ਦੇ ਕੰਮਾ ਵਿਚੱ ਜਤਨਸ਼ੀਲ ਰਹਿਣ ਵਾਲਾ ਹੋਵੇ ਅਤੇ

ਮੁਸਲਮਾਨ ਰਬੱ ਨੂੰ ਇਕ ਜਾਣਨ ਵਾਲਾ ਹੋਵੇ ਅਤੇ ਉਸ ਦੇ ਰਸੂਲ ਉਪੱਰ ਸਚਾੱ ਈਮਾਨ ਰਖੱਣ ਵਾਲਾ ਹੋਵੇ ਅਤੇ ਇਹ ਵੀ ਕਿ ਉਸ ਦੇ ਬੰਦਿਆਂ ਦੇ ਹੱਕਾਂ ਨੂੰ ਮਾਰਨ ਵਾਲਾ ਨ ਹੋਵੇ ।

8. ਜੇ ਕਰ ਕਿਸੇ ਮਨੁੱਖ, ਜਿਸਨੇ ਆਪਣੀ ਜਾਇਦਾਦ ਦਾ ਦਸਵਾਂ ਭਾਗ ਵਸੀਯੱਤ ਕੀਤਾ ਹੈ ਅਤੇ ਸੰਭਵਤਾ ਉਸਦੀ ਮੌਤ ਕਿਸੇ ਦਰਿਆ ਵਿਚੱ ਡੁਬੱ ਕੇ ਜਾਂ ਕਿਸੇ ਹੋਰ ਦੇਸ਼ ਵਿਚੱ ਹੋ ਜਾਂਦੀ ਹੈ, ਜਿੱਥੇਂ ਮ੍ਰਿਤਕ ਸ਼ਰੀਰ ਨੂੰ ਲਿਆਉਣਾ ਸੰਭਵ ਨਹੀਂ, ਉਸਦੀ ਵਅਸੀਯੱਤ ਕਾਇਮ ਰਹੇਗੀ ਅਤੇ ਖ਼ੁਦਾ ਤਆਲਾ ਦੇ ਨੇੜੇ ਉਹ ਅਜੇਹਾ ਹੀ ਹੋਵੇਗਾ ਕਿ ਉਹ ਇਸੇ ਕਬ੍ਰਿਸਤਾਨ ਵਿਚੱ ਦਫ਼ਨ ਹੋਇਆ ਹੈ । ਉਚਿਤ ਹੋਵੇਗਾ ਕਿ ਉਹਨਾਂ ਦੀ ਯਾਦ ਵਿਚੱ ਇਸੇ ਕਬ੍ਰਿਸਤਾਨ ਵਿਚੱ ਕਤਬਾ (ਸ਼ਿਲਾਲੇਖ) ਇਟੱ ਜਾਂ ਪਥੱਰ ਉਪੱਰ ਲਿਖੱਕੇ ਲਾ ਦਿਤਾੱ ਜਾਵੇ ਜਿਸ ਉਪੱਰ ਘਟਨਵਾਂ ਲਿੱਖਿਆਂ ਜਾਣ ।

9. ਅੰਜੁਮਨ ਜਿਸਦੇ ਹੱਥ ਵਿੱਚ ਅਜੇਹਾ ਧੰਨ ਹੋਵੇਗਾ ਉਸ ਨੂੰ ਅਧਿਕਾਰ ਨਹੀਂ ਹੋਵੇਗਾ ਕਿ ਸਿਲਸਿਲਾ ਅਹਮਦੀਆ ਦੇ ਉਦੇਸ਼ਿਆਂ ਤੋਂ ਬਿਨਾਂ ਕਿਸੇ ਹੋਰ ਥਾਂ'ਤੇ ਖਰਚ ਕਰੇ । ਉਹਨਾਂ ਉਦੇਸ਼ਿਆਂ ਵਿੱਚੋਂ ਸੱਭ ਤੋਂ ਪਹਿਲਾ ਇਸਲਾਮ ਦਾ ਪ੍ਰਚਾਰ ਤੇ ਪ੍ਰਸਾਰ ਹੋਵੇਗਾ । ਉਚਿਤ ਹੋਵੇਗਾ ਕਿ ਅੰਜੁਮਨ ਸਰਬ ਸੰਮਤਿ ਨਾਲ ਉਸ ਧੰਨ ਨੂੰ ਵਪਾਰਕ ਢੰਗਾ ਰਾਹੀਂ ਵਧਾਏ ।

10. ਅੰਜੁਮਨ ਦੇ ਸਾਰੇ ਮੈਂਬਰ ਅਜਿਹੇ ਹੋਣਗੇ ਜੋ ਸਿਲਸਿਲਾ ਅਹਮਦੀਆ ਵਿੱਚ ਦਾਖਲ ਹੋਣ ਅਤੇ ਚੰਗੇ ਸੁਭਾਉ ਤੇ ਇਮਾਨਦਾਰ ਹੋਣ । ਜੇਕਰ ਭਵਿੱਖ ਵਿੱਚ ਕਿਸੇ ਬਾਰੇ ਇਹ ਪਤਾ ਲੱਗੇ ਉਹ ਭੈੜੇ ਸੁਭਾਉ ਵਾਲਾ ਹੈ ਜਾਂ ਇਮਾਨਦਾਰ ਨਹੀਂ ਹੈ ਜਾਂ ਉਹ ਚਾਲਬਾਜ਼ ਹੈ ਅਤੇ ਦੁਨੀਆ ਦੀ ਮਿਲਾਵਟ ਆਪਣੇ ਅੰਦਰ ਰਖੱਦਾ ਹੈ ਤਾਂ ਅੰਜੁਮਨ ਦਾ ਫ਼ਰਜ਼ ਬਣਦਾ ਹੈ ਕਿ ਬਿਨਾਂ ਦੇਰ ਕੀਤਿਆਂ ਅਜੇਹੇ ਮਨੁੱਖ ਨੂੰ ਆਪਣੀ ਅੰਜੁਮਨ ਵਿੱਚੋਂ ਖਾਰਜ ਕਰੇ ਅਤੇ ਉਸ ਦੀ ਥਾਂ ਕਿਸੇ ਹੋਰ ਨੂੰ ਨਿਯੁਕਤ ਕਰੇ ।

11. ਜੇਕਰ ਵਸੀਯੱਤ ਕੀਤੇ ਹੋਏ ਮਾਲ ਬਾਰੇ ਕੋਈ ਝਗੜਾ ਆਣ ਪਏ ਤਾਂ ਉਸ ਝਗੜੇ ਦੀ ਪੈਰ੍ਹਵੀ ਲਈ ਜੋ ਖਰਚੇ ਹੋਣ ਉਹ ਸਾਰੇ ਵਸੀਯੱਤ ਕੀਤੇ ਹੋਏ ਧੰਨ ਵਿੱਚੋਂ ਦਿੱਤੇ ਜਾਣਗੇ ।

12. ਜੇ ਕਰ ਕੋਈ ਮਨੁੱਖ ਵਸੀਯੱਤ ਕਰਨ ਮਗਰੋਂ ਫਿਰ ਆਪਣੇ ਈਮਾਨ ਦੀ ਕਿਸੇ ਕਮਜ਼ੋਰੀ ਕਰਕੇ ਆਪਣੀ ਵਸੀਯੱਤ ਤੋਂ ਇਨਕਾਰੀ ਹੋ ਜਾਵੇ ਜਾਂ ਇਸ ਜਮਾਤ ਵਿੱਚੋਂ ਮੂੰਹ ਫੇਰ ਲਵੇ ਤਾਂ ਭਾਂਵੇਂ ਅੰਜੁਮਨ ਨੇ ਕਨੂਨੀ ਤੌਰ'ਤੇ ਉਸਦੇ ਮਾਲ ਉਪੱਰ ਕਬਜ਼ਾ ਕਰ ਲਿਆ ਹੋਵੇ ਫਿਰ ਵੀ ਜਾਇਜ਼ ਨਹੀਂ ਹੋਵੇਗਾ ਉਹ ਮਾਲ ਆਪਣੇ ਕਬਜ਼ੇ ਵਿੱਚ ਰੱਖੇ ਸਗੋਂ ਉਹ ਸਾਰਾ ਮਾਲ ਵਾਪਸ ਕਰਨਾ ਹੋਵੇਗਾ । ਕਿਉਂਕਿ ਖ਼ੁਦਾ ਕਿਸੇ ਦੇ ਮਾਲ ਦਾ ਮੁਥਾਜ ਨਹੀਂ ਅਤੇ ਖ਼ੁਦਾ ਕੋਲ ਅਜੇਹਾ ਮਾਲ ਮਕਰੂਹ ਤੇ ਰੱਦ ਕਰਨ ਦੇ ਯੋਗ ਹੈ ।

13. ਕਿਉਕਿ ਅੰਜੁਮਨ ਖ਼ੁਦਾ ਵੱਲੋਂ ਥਾਪੇ ਗਏ ਖ਼ਲੀਫ਼ੇ ਦੀ ਉਤਰਾਧਿਕਾਰੀ ਹੈ, ਇਸ ਲਈ ਅੰਜੁਮਨ ਨੂੰ ਦੁਨੀਆਦਾਰੀ ਦੇ ਰੰਗਾ ਤੋਂ ਪੂਰੀ ਤਰ੍ਹਾਂ ਪਾਕ ਤੇ ਸਾਫ਼ ਰਹਿਣਾ ਹੋਵੇਗਾ ਅਤੇ ਸਾਰੇ ਮਾਮਲੇ ਬਹੁਤ ਹੀ ਸਾਫ਼ ਤੇ ਨਿਆਂ ਪੂਰਵਕ ਹੋਣੇ ਚਾਹੀਦੇ ਹਨ ।

14. ਉਚਿਤ ਹੋਵੇਗਾ ਕਿ ਇਸ ਅੰਜੁਮਨ ਦੇ ਸਹਿਯੋਗ ਤੇ ਸਮਰਥਨ ਲਈ ਦੂਰ ਦੁਰਾਡੇ ਦੇਸ਼ਾਂ ਵਿੱਚ ਹੋਰ ਅੰਜੁਮਨਾਂ ਹੋਣ ਜੋ ਇਸ ਦੇ ਅਦੇਸ਼ਾਂ ਹੇਠ ਕਾਰਜ ਕਰਨ ਅਤੇ ਉਚਿਤ ਹੋਵੇਗਾ ਕਿ ਜੇਕਰ ਉਹ ਅਜੇਹੇ ਦੇਸ਼ ਵਿੱਚ ਹੋਣ ਕਿ ਉੱਥੋਂ ਮਯੱਤ (ਮ੍ਰਿਤਕ ਸ਼ਰੀਰ) ਨੂੰ ਲਿਆਉਣਾ ਸੰਭਵ ਨ ਹੋਵੇ ਤਾਂ ਮਯੱਤ ਨੂੰ ਉਸੇ ਥਾਂ ਦਫ਼ਨ ਕਰ ਦੇਣ ਅਤੇ ਪੁੰਨ ਦੇ ਲਾਭ ਲਈ ਅਜੇਹਾ ਮਨੁੱਖ ਅਪਣੀ ਮੌਤ ਤੋਂ ਪਹਿਲਾਂ ਹੀ ਅਪਣੇ ਧੰਨ ਦਾ ਦਸਵਾਂ ਭਾਗ ਵਸੀਯੱਤ ਕਰ ਦੇਵੇ । ਅਤੇ ਇਸ ਵਸੀਯੱਤ ਕੀਤੇ ਹੋਏ ਉਪੱਰ ਕਬਜ਼ਾ ਕਰਨਾ ਉਸ ਅੰਜੁਮਨ ਦਾ ਕੰਮ ਹੋਵੇਗਾ ਜੋ ਉਸ ਦੇਸ਼ ਵਿੱਚ ਹੀ ਹੈ, ਅਤੇ ਚੰਗਾ ਹੋਵੇਗਾ ਕਿ ਉਹ ਧੰਨ ਉਸੇ ਦੇਸ਼ ਦੇ ਧਾਰਮਕ ਉਦੇਸ਼ਿਆਂ ਲਈ ਖਰਚ ਹੋਵੇ । ਉਚਿਤ ਹੋਵੇਗਾ ਕਿ ਕੋਈ ਲੋੜ ਅਨੁਭਵ ਕਰਕੇ ਉਹ ਧੰਨ ਇਸ ਅੰਜੁਮਨ ਨੂੰ ਦਿਤੱਾ ਜਾਵੇ ਜਿਸ ਦਾ ਹੈਡਕਵਾਟਰ ਅਰਥਾਤ ਕੇਂਦਰ ਕਾਦੀਆਂ ਹੋਵੇਗਾ ।

15. ਇਹ ਜ਼ਰੂਰੀ ਹਵੇਗਾ ਕਿ ਇਸ ਅੰਜੁਮਨ ਦਾ ਅਸਥਾਨ ਹਮੇਸ਼ਾਂ ਕਾਦੀਆਂ ਰਹੇ, ਕਿਉਂਕਿ ਖ਼ੁਦਾ ਨੇ ਇਸ ਅਸਥਾਨ ਨੂੰ ਬਰਕਤ ਦਿੱਤੀ ਹੈ । ਉਚਿਤ ਹੋਵੇਗਾ ਕਿ ਉਹ ਭਵਿੱਖ ਦੀਆਂ ਲੋੜਾਂ ਅਨੁਭਵ ਕਰਕੇ ਇਸ ਕੰਮ ਲਈ ਕੋਈ ਵਿਸ਼ੇਸ਼ ਮਕਾਨ ਤਿਆਰ ਕਰਨ ।

**16**. ਅੰਜੁਮਨ ਵਿੱਚ ਹਮੇਸ਼ਾਂ ਘੱਟੋ ਘੱਟ ਦੋ ਅਜਿਹੇ ਮੈਂਬਰ ਰਹਿਣੇ ਚਾਹੀਦੇ ਹਨ ਜੋ ਕੁਰਆਨ ਕਰੀਮ ਅਤੇ ਹਦੀਸਾਂ ਦੇ ਗਿਆਨ ਨਾਲ ਬਖ਼ੂਬੀ ਜਾਣਕਾਰ ਹੋਣ ਅਤੇ ਅਰਬੀ ਭਾਸ਼ਾ ਦਾ ਲੋੜ ਅਨੁਸਾਰ ਗਿਯਾਨ ਰਖੱਦੇ ਹੋਣ, ਸਿਸਿਲਾ ਅਹਮਦੀਆ ਦੀਆਂ ਕਿਤਾਬਾਂ ਨੂੰ ਵੀ ਚੇਤੇ ਰਖੱਦੇ ਹੋਣ ।

**17**. ਰੱਬ ਨ ਕਰੇ ਜੇਕਰ ਕੋਈ ਅਜਿਹਾ ਮਨੁੱਖ ਜੋ ਰਸਾਲਾ ਅਲਵਸੀਯਤ ਦੀਆਂ ਸ਼ਰਤਾਂ ਅਨੁਸਾਰ ਵਸੀਯਤ ਕਰਦਾ ਹੈ, ਕੋੜ੍ਹੀ ਹੋਵੇ ਜਿਸ ਦਾ ਸ਼ਰੀਰ ਇਸ ਯੋਗ ਨ ਹੋਵੇ ਕਿ ਇਸ ਕਬ੍ਰਿਸਤਾਨ ਵਿੱਚ ਲਿਆਂਦਾ ਜਾਵੇ ਤਾਂ ਅਜਿਹਾ ਮਨੁੱਖ ਪ੍ਰਗਟ ਕਾਰਨਾ ਕਰਕੇ ਉਚਿਤ ਨਹੀਂ ਕਿ ਇਸ ਕਬ੍ਰਿਸਤਾਨ ਵਿੱਚ ਲਿਆਂਦਾ ਜਾਵੇ । ਪਰ ਜੇਕਰ ਅਪਣੀ ਵਸੀਯਤ ਉਪੱਰ ਕਾਇਮ ਹੋਵੇਗਾ ਤਾਂ ਉਸਨੂੰ ਉਹੋ ਦਰਜਾ ਪ੍ਰਾਪਤ ਹੋਵੇਗਾ ਜਿਵੇਂ ਕਿ ਦਫ਼ਨ ਹੋਣ ਵਾਲੇ ਨੂੰ ।

**18**. ਜੇਕਰ ਕੋਈ ਮਨੁੱਖ ਕੋਈ ਵੀ ਚਲ ਜਾਂ ਅਚਲ ਜਾਇਦਾਦ ਨ ਰਖੱਦਾ ਹੋਵੇ ਅਤੇ ਉਸ ਬਾਰੇ ਪ੍ਰਮਾਣ ਹੋਣ ਕਿ ਉਹ ਇਕ ਨੇਕ ਤੇ ਭਲਾ ਪੁਰਖ ਹੈ ਅਤੇ ਸੰਜਮੀ ਤੇ ਖ਼ਾਲਸ ਮੋਮਨ ਹੈ ਅਤੇ ਕੋਈ ਭਾਗ ਢੋਂਗੀ ਜਾਂ ਦੁਨੀਆ ਪ੍ਰਸਤੀ ਜਾਂ ਆਗਿਆਕਾਰੀ ਦੀ ਉਲੰਘਣਾ ਦਾ ਦੋਸ਼ ਉਸ ਵਿੱਚ ਨ ਹੋਵੇ ਤਾਂ ਉਹ ਵੀ ਮੇਰੀ ਆਗਿਆ ਨਾਲ ਜਾਂ ਮੇਰੇ ਮਗਰੋਂ ਅੰਜੁਮਨ ਦੀ ਸਰਬ ਸਹਿਮਤਿ ਨਾਲ ਇਸ ਮਕਬਰੇ ਵਿੱਚ ਦਫ਼ਨ ਹੋ ਸਕਦਾ ਹੈ ।

**19**. ਜੇਕਰ ਕੋਈ ਮਨੁੱਖ ਖ਼ੁਦਾ ਤਆਲਾ ਦੀ ਵਿਸ਼ੇਸ਼ ਹਵੀ (ਇਲਾਹੀ ਆਦੇਸ਼) ਨਾਲ ਰੱਦ ਕਰ ਦਿੱਤਾ ਜਾਵੇ ਤਾਂ ਭਾਂਵੇਂ ਉਹ ਵਸੀਯਤ ਦਾ ਮਾਲ ਵੀ ਪੇਸ਼ ਕਰੇ ਤਾਂ ਵੀ ਉਹ ਇਸ ਕਬ੍ਰਿਸਤਾਨ ਵਿੱਚ ਦਾਖ਼ਲ ਨਹੀਂ ਹੋਵੇਗਾ ।

**20**. ਮੇਰੇ ਲਈ ਅਤੇ ਮੇਰੇ ਪਰਿਵਾਰ ਲਈ ਖ਼ੁਦਾ ਨੇ ਛੂਟ ਰੱਖੀ ਹੈ । ਬਾਕੀ ਹਰ ਇਕ ਪੁਰਸ਼ ਹੋਵੇ ਜਾਂ ਇਸਤਰੀ ਉਹਨਾਂ ਨੂੰ ਇਨ੍ਹਾਂ ਸ਼ਰਤਾਂ ਦੀ ਪਬੰਦੀ ਲਾਜ਼ਮੀ ਹੋਵੇਗੀ ਅਤੇ ਸ਼ਿਕਾਇਤ ਕਰਨ ਵਾਲਾ ਮੁਨਾਫ਼ਕ ਹੋਵੇਗਾ ।

ਇਹ ਉਹ ਜ਼ਰੂਰੀ ਸ਼ਰਤਾਂ ਹਨ ਜੋ ਉਪੱਰ ਲਿੱਖ ਦਿੱਤੀਆਂ ਗਈਆਂ ਹਨ । ਭਵਿੱਖ ਵਿੱਚ ਇਸ ਬਹਿਸ਼ਤੀ ਮਕਬਰੇ ਵਿੱਚ ਉਹੋ ਦਫ਼ਨ ਕੀਤਾ ਜਾਵੇਗਾ ਜੋ ਇਹਨਾਂ ਸ਼ਰਤਾਂ ਨੂੰ ਪੂਰਾ ਕਰੇਗਾ । ਸੰਭਵ ਹੈ ਕਿ ਕੁਝ ਲੋਕ ਜਿਨ੍ਹਾਂ ਉਪੱਰ ਬਦਗੁਮਾਨੀ ਦਾ ਗ਼ਲਬਾ ਹੋਵੇ ਉਹ ਮੈਨੂੰ ਇਸ ਕਾਰਵਾਈ ਵਿੱਚ ਆਰੋਪਾਂ ਦਾ

ਨਿਸ਼ਾਨਾ ਬਨਾਉਣ ਅਤੇ ਇਸ ਪ੍ਰਬੰਧ ਨੂੰ ਸਵਾਰਥ ਉਪੱਰ ਨਿਰਭਰ ਸਮਝਣ ਜਾਂ ਇਸ ਨੂੰ ਬਿਦਅਤ (ਕੁਰੀਤੀ ) ਸਮਝਣ । ਪਰ ਚੇਤੇ ਰਹੇ ਕਿ ਖ਼ੁਦਾ ਤਆਲਾ ਦੇ ਕਾਰਜਾਂ ਵਿੱਚ ਜੋ ਉਹ ਚਾਹੁੰਦਾ ਹੈ ਕਰਦਾ ਹੈ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸਨੇ ਨਿਸ਼ਚਾ ਕੀਤਾ ਹੈ ਕਿ ਇਸ ਪ੍ਰਬੰਧ ਰਾਹੀਂ ਮੁਨਾਫ਼ਕ ਤੇ ਮੋਮਨ ਵਿੱਚ ਅੰਤਰ ਕਰ ਦੇਵੇ ਅਤੇ ਅਸੀਂ ਆਪ ਅਨੁਭਵ ਕਰ ਰਹੇ ਹਾਂ ਕਿ ਜੋ ਲੋਕ ਇਸ ਇਲਾਹੀ ਪ੍ਰਬੰਧ ਦੀ ਸੂਚਨਾ ਪ੍ਰਾਪਤ ਕਰਕੇ ਬਿਨਾਂ ਦੇਰ ਕੀਤਿਆਂ ਇਸ ਚਿੰਤਾ ਵਿੱਚ ਪੈਂਦੇ ਹਨ ਕਿ ਜਾਇਦਾਦ ਦਾ ਦਸਵਾਂ ਭਾਗ ਰੱਬ ਦੇ ਮਾਰਗ ਵਿੱਚ ਦੇਣ ਸਗੋਂ ਇਸ ਤੋਂ ਵੀ ਬਹੁਤਾ ਜੋਸ਼ ਦਿਖਾਉਂਦੇ ਹਨ ਉਹ ਅਪਣੀ ਈਮਾਨਦਾਰੀ ਉਪੱਰ ਮੁਹਰ ਲਾਉਂਦੇ ਹਨ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ :-

(الٓمّٓ ()أَحَسِبَ النَّاسُ أَنۡ يُتۡرَكُوا أَنۡ يَقُولُوا آمَنَّا وَهُمۡ لَا يُفۡتَنُونَ (العنكبوت2-3)

" ਅਲਿਫ਼ ਲਾਮ ਮੀਮ, ਅ ਹਸਿਬਨੱਾਸੁ ਅੰਯੁੱਤਰਾਕੂ ਅੰਯੱਕੂਲੂ ਆਮਨੱਾ ਵ ਹੁਮ ਲਾ ਯੁਫ਼ਤਾਨੂਨ ।" (ਅਨਕਬੂਤ -2,3)

ਕੀ ਲੋਕ ਇਹ ਗੁਮਾਨ ਕਰਦੇ ਹਨ ਕਿ ਮੈਂ ਇਸੇ ਤੇ ਪ੍ਰਸਨ ਹੋ ਜਾਵਾਂ ਕਿ ਉਹ ਆਖ ਦੇਣ ਕਿ ਅਸੀਂ ਈਮਾਨ ਲਿਆਏ ਅਤੇ ਹੁਣੇ ਉਹਨਾਂ ਦੀ ਪ੍ਰੀਖਿਆ ਨ ਲਈ ਜਾਏ ? ਇਹ ਪ੍ਰੀਖਿਆ ਤਾਂ ਕੁਝ ਵੀ ਨਹੀਂ । ਸਹਾਬਾ ਰਜ਼ੀਅਲੱਾਹ ਅਨਹੁਮ ਦੀ ਪ੍ਰੀਖਿਆ ਜਾਨਾਂ ਮੁਤਾਲਬੇ ਉਪੱਰ ਕੀਤੀ ਗਈ । ਉਹਨਾਂ ਨੇ ਆਪਣੇ ਸਰ ਰੱਬ ਦੀ ਰਾਹ ਵਿੱਚ ਦੇ ਦਿੱਤੇ । ਫਿਰ ਅਜਿਹਾ ਗੁਮਾਨ ਕਿ ਕਿਉਂ ਇਸੇ ਪ੍ਰਕਾਰ ਸਾਰਿਆਂ ਨੂੰ ਆਗਿਆ ਨ ਦਿੱਤੀ ਜਾਏ ਕਿ ਉਹ ਵੀ ਇਸ ਕਬ੍ਰਿਸਤਾਨ ਵਿੱਚ ਦਫ਼ਨ ਕੀਤਾ ਜਾਏ । ਹਕੀਕਤ ਤੋਂ ਕਿਨ੍ਹੀਂ ਦੂਰ ਦੀ ਗਲ ਹੈ, ਜੇਕਰ ਇਹੋ ਪ੍ਰਚਲਿਤ ਹੋਵੇ ਤਾਂ ਖ਼ੁਦਾ ਤਆਲਾ ਨੇ ਹਰ ਇਕ ਜੁਗ ਵਿੱਚ ਪ੍ਰੀਖਿਆ ਦੀ ਨੀਂਹ ਕਿਉਂ ਪਾਈ ! ਉਹ ਹਰ ਇਕ ਜੁਗ ਵਿੱਚ ਚਾਹੁੰਦਾ ਰਿਹਾ ਹੈ ਕਿ ਮਲੀਨ ਅਤੇ ਪਾਕ ਵਿੱਚ ਅੰਤਰ ਕਰਕੇ ਦਿਖਾਏ । ਇਸ ਲਈ ਉਸਨੇ ਇਸ ਵਾਰ ਵੀ ਅਜਿਹਾ ਹੀ ਕੀਤਾ ਹੈ ।

ਖ਼ੁਦਾ ਤਆਲਾ ਨੇ ਆਂਹਜ਼ਰਤ ਸਲੱਲੱਾਹੋ ਅਲੈਹਿ ਵਸਲਅਮ ਦੇ ਜੁੱਗ ਵਿੱਚ ਕੁਝ ਹੋਲੀਆਂ ਪ੍ਰੀਖਿਆਵਾਂ ਵੀ ਰੱਖੀਆਂ ਹੋਈਆਂ ਸਨ, ਜਿਵੇਂ ਕਿ ਇਹ

ਦਸਤੂਰ ਸੀ ਕਿ ਕੋਈ ਮਨੁੱਖ ਆਂਹਜ਼ਰਤ ਸਲੱਲੱਾਹੋ ਅਲੈਹਿ ਵਸਲੱਮ ਤੋਂ ਸਲਾਹ ਨ ਲਵੇ ਜਦ ਤੱਕ ਪਹਿਲਾਂ ਭੇਂਟਾਂ ਨ ਦੇ ਲਵੇ । ਸੋ ਇਸ ਵਿੱਚ ਵੀ ਮੁਨਾਫ਼ਕਾਂ ਲਈ ਅਜ਼ਮਾਇਸ਼ (ਪ੍ਰੀਖਿਆ) ਸੀ । ਅਸੀਂ ਆਪ ਅਨੁਭਵ ਕਰਦੇ ਹਾਂ ਕਿ ਉਸ ਸਮੇਂ ਦੀ ਪ੍ਰੀਖਿਆ ਵਿੱਚ ਵੀ ਉਚੱ ਦਰਜੇ ਦੇ ਖ਼ਾਲਸਾ ਜਿਨ੍ਹਾਂ ਨੇ ਦੀਨ (ਧਰਮ) ਨੂੰ ਦੁਨੀਆ ਉਪੱਰ ਪਹਿਲ ਦਿੱਤੀ ਹੈ ਹੋਰਨਾ ਲੋਕਾਂ ਤੋਂ ਵਿਸ਼ੇਸ਼ ਹੋ ਜਾਣਗੇ । ਤੇ ਸਿੱਧ ਹੋ ਜਾਵੇਗਾ ਕਿ ਉਹਨਾਂ ਨੇ ਬੈਅਤ (ਦੀਖਿਅਤ ਹੋਣਾ) ਦਾ ਪ੍ਰਣ ਪੂਰਾ ਕਰਕੇ ਦਿਖਾ ਦਿੱਤਾ ਅਤੇ ਆਪਣਾ ਸਿਦਕ ਦਿਖਾ ਦਿੱਤਾ । ਬੇਸ਼ਕ ਇਹ ਪ੍ਰਬੰਧ ਮੁਨਾਫ਼ਕਾਂ ਉਪੱਰ ਭਾਰੀ ਪਏਗਾ ਅਤੇ ਇਸ ਨਾਲ ਉਹਨਾ ਦਾ ਗੁਪਤ ਪ੍ਰਕਟ ਹੋ ਜਾਵੇਗਾ । ਮੌਤ ਮਗਰੋਂ ਪੁਰਸ਼ ਹੋਣ ਜਾਂ ਇਸਤਰੀ ਇਸ ਕਬ੍ਰਿਸਤਾਨ ਵਿਚ ਕਦੇ ਵੀ ਦਫ਼ਨ ਨਹੀਂ ਹੋਣਗੇ।

(فِي قُلُوبِهِمْ مَرَضٌ فَزَادَهُمُ اللَّهُ مَرَضًا (البقرة11) ,,ਫੀ ਕੁਲੂਬਿਹਿਮ ਮਾਰਾਜ਼ੁਨ ਫ਼ਜ਼ਾਦਾਹੁਮੁਲੱਾਹੁ ਮਾਰਾਜ਼ਾ'' (ਅਲਬਕਰਹ-11) ਪਰ ਇਸ ਕੰਮ ਵਿੱਚ ਪਹਿਲ ਕਰਨ ਵਾਲੇ ਸਾਦਕਾਂ ਵਿੱਚ ਗਿਣੇ ਜਾਣਗੇ ਅਤੇ ਸਦਾ ਹੀ ਉਹਨਾ ਤੇ ਰੱਬ ਦੀਆਂ ਰਹਿਮਤਾਂ ਹੋਣਗੀਆਂ ।

ਅੰਤ ਇਹ ਵੀ ਚੇਤੇ ਰਹੇ ਕਿ ਔਕੜਾਂ ਦੇ ਦਿਨ ਨੇੜੇ ਹਨ ਅਤੇ ਇਕ ਕਰੜਾ ਭੁਚਾਲ ਜੋ ਧਰਤੀ ਨੂੰ ਹੇਠਲੀ ਉੱਪਰ ਕਰ ਦੇਵੇਗਾ ਪਹੁਤ ਨੇੜੇ ਹੈ । ਫੋ ਉਹ ਜੋ ਅਜ਼ਾਬ (ਕਰੋਪ) ਦੇਖਣ ਤੋਂ ਪਹਿਲਾਂ ਆਪਣਾ ਸੰਸਾਰ ਤਿਆਗੀ ਹੋਣਾ ਸਿੱਧ ਕਰ ਦੇਣਗੇ ਅਤੇ ਇਹ ਵੀ ਪ੍ਰਮਾਣਿਤ ਕਰਾਉਣਗੇ ਕਿ ਕਿਵੇਂ ਉਹਨਾ ਨੇ ਮੇਰੇ ਹੁਕਮ ਦੀ ਪੈਰ੍ਹਵੀ ਕੀਤੀ । ਖ਼ੁਦਾ ਦੇ ਨੇੜੇ ਹਕੀਕੀ ਮੋਮਨ ਓਹੋ ਹਨ ਅਤੇ ਉਸਦੇ ਦਰਬਾਰ ਵਿੱਚ ਅੱਗੇ ਤੇ ਪਹਿਲੇ ਆਉਣ ਵਾਲੇ ਲਿਖੇ ਜਾਣਗੇ । ਮੈਂ ਸੱਚ ਸੱਚ ਕਹਿੰਦਾ ਹਾਂ ਕਿ ਉਹ ਸਮਾਂ ਨੇੜੇ ਹੈ ਕਿ ਇਕ ਮੁਨਾਫ਼ਕ ਜਿਸ ਨੇ ਦੁਨੀਆ ਨਾਲ ਪ੍ਰੇਮ ਕਰਕੇ ਉਸਦੇ ਹੁਕਮ ਨੂੰ ਟਾਲ ਦਿੱਤਾ ਹੈ ਉਹ ਅਜ਼ਾਬ ਦੇ ਸਮੇਂ ਹਾ ਮਾਰ ਕੇ ਕਹੇਗਾ ਕਿ ਕਾਸ਼ ਮੈਂ ਸਾਰੀ ਜਾਇਦਾਦ ਚਲ ਜਾਂ ਅਚਲ ਰਬ ਦੇ ਮਾਰਗ ਵਿੱਚ ਦੇ ਦਿੰਦਾ ਅਤੇ ਮੈਂ ਇਸ ਅਜ਼ਾਬ ਤੋਂ ਬਚ ਜਾਂਦਾ । ਚੇਤੇ ਰੱਖੋ! ਚੇਤੇ ਰੱਖੋ ਅਜ਼ਾਬ ਦੇਖਣ ਮਗਰੋਂ ਇਮਾਨ ਲਿਆਉਣਾ ਕੋਈ ਅਰਥ ਨਹੀਂ ਰਖਦਾ ਦਾਨ ਦਖਣਾ ਵੀ ਅਜਾਈਂ ਹੈ । ਦੇਖੋ ! ਮੈਂ ਬਹੁਤ ਹੀ ਨੇੜੇ ਅਜ਼ਾਬ ਦੀ ਖ਼ਬਰ

ਤੁਹਾਨੂੰ ਦਿੰਦਾ ਹਾਂ । ਆਪਣੇ ਲਈ ਉਹ ਅਹਾਰ ਛੇਤੀ ਛੇਤੀ ਜਮਾ ਕਰ ਲਓ ਕਿ ਕਮ ਆਵੇ । ਮੈਂ ਇਹ ਨਹੀਂ ਚਾਹੁੰਦਾ ਕਿ ਤੁਹਾਡੇ ਕੋਲੋਂ ਕੋਈ ਮਾਲ ਲਵਾਂ ਅਤੇ ਅਪਣੇ ਕਬਜ਼ੇ ਵਿੱਚ ਕਰ ਲਵਾਂ ਸਗੋਂ ਤੁਸੀਂ ਧਰਮ ਦੇ ਪ੍ਰਚਾਰ ਲਈ ਇਕ ਅੰਜੁਮਨਦੇ ਹਵਾਲੇ ਅਪਣਾ ਮਾਲ ਕਰੋਗੇਅਤੇ ਬਹਿਸ਼ਤੀ ਜੀਵਨ ਪਾਓਗੇ । ਵਧੇਰੇ ਅਜਿਹੇ ਹਨ ਕਿ ਉਹ ਦੁਨੀਆ ਨਾਲ ਪ੍ਰੇਮ ਕਰਕੇ ਮੇਰੇ ਹੁਕਮ ਨੂੰ ਟਾਲ ਦੇਣਗੇ ਪਰ ਬਹੁਤ ਹੀ ਛੇਤੀ ਦੁਨੀਆ ਤੋਂ ਵੱਖ ਕੀਤੇ ਜਾਣਗੇ, ਫਿਰ ਅੰਤ ਨੂੰ ਆਖਣਗੇ:- (هٰذَا مَا وَعَدَ الرَّحْمٰنُ وَصَدَقَ الْمُرْسَلُوْنَ۔ یٰس ۵۳)

ਹਾਜ਼ਾ ਮਾ ਵਾਦੁਰੱਹਿਮਾਨੁ ਵ ਸਾਦਾਕਲ ਮੁਰਸਾਲੂਨ (ਯਾ ਸੀਨ -53 )

(وَالسَّلَامُ علٰى مَنِ التَّبَعَ الْهُدٰى)

ਵਸੱਲਾਮੁ ਅਲਾ ਮਨਿਤੱਬਾਅਲ ਹੁਦਾ

ਲੇਖਕ

ਮਿਰਜ਼ਾ ਗ਼ੁਲਾਮ ਅਹਮਦ ਖ਼ੁਦਾ ਤਆਲਾ ਵੱਲੋਂ ਮਸੀਹ ਮੌਊਦ

**6 ਜਨਵਰੀ 1906**

**(ਅਖ਼ਬਾਰ ਅਲਹਕਮ ਜਿਲਦ 10 ਨ.2 ਮਿਤੀ 17 ਜਨਵਰੀ 1904 ਈ.)**

بِسۡمِ اللّٰہِ الرَّحۡمٰنِ الرَّحِیۡمِ
نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ

## ਬਿਸਮਿਲੱਾਹ ਹਿਰੱਹਮਾਨਿਰੱਹੀਮ

## ਨਹਮੁਦੁਹੂ ਵ ਨੁਸੱਲੀ ਅਲਾ ਰਸੂਲਿਹਿਲ ਕਰੀਮ

# ਮਜਲਿਸ ਮੋਤਮਦੀਨ (ਟ੍ਰਸਟੀਜ਼) ਸਦਰ ਅੰਜੁਮਨ ਅਹਮਦੀਆ ਕਾਦੀਆਂ ਦੀ ਪਹਿਲੀ ਸਭਾ ਦਾ ਵਿਵਰਣ

## ਅਯੋਜਤ 29 ਜਨਵਰੀ 1906 ਈ.

## ਸਭਾ ਵਿੱਚ ਹਾਜ਼ਰੀ

ਹਜ਼ਰਤ ਮੌਲਵੀ ਨੂਰੁੱਦੀਨ ਸਾਹਬ ਪ੍ਰਧਾਨ, ਖ਼ਾਨ ਸਾਹਬ ਮੁਹਮੱਦ ਅਲੀ ਖ਼ਾਨ ਸਾਹਬ, ਸਾਹਿਬਜ਼ਾਦਾ ਬਸ਼ੀਰੁੱਦੀਨ ਮਹਮੂਦ ਅਹਮਦ ਸਾਹਬ, ਮੌਲਵੀ ਸਯੱਦ ਮੁਹਮੱਦ ਆਹਸਨ ਸਾਹਬ, ਖ਼ਵਾਜਾ ਕਮਾਲੁੱਦੀਨ ਸਾਹਬ ਅਤੇ ਡਾ.ਸਯੱਦ ਮੁਹਮੱਦ ਹੁਸੈਨ ਸਾਹਬ ਸੈਕ੍ਰੇਟਰੀ ਮਜਲਿਸ ।

ਕਿਉਂਕਿ ਕੁਝ ਜ਼ਰੂਰੀ ਹਿਦਾਇਤਾਂ ਅਤੇ ਮਨਜ਼ੂਰੀਆਂ ਦਾ ਦੇਣਾ ਅਤਿਅੰਤ ਜ਼ਰੂਰੀ ਸੀ ਅਤੇ ਦੂਰ ਦੁਰਾਡੇ ਦੇ ਲੋਕਾਂ ਨੂੰ ਸੂਚਨਾ ਦੇਣ ਲਈ ਸਮਾਂ ਘੱਟ ਸੀ । ਇਸ ਲਈ ਹਜ਼ਰਤ ਇਮਾਮ ਅਲੈਹਿਸੱਲਾਮ ਦੀ ਅਗਿਆ ਨਾਲ ਨੀਯਮਾ ਦੀ ਮਨਜ਼ੂਰੀ ਮਗਰੋਂ ਇਹ ਸਭਾ ਕੀਤੀ ਗਈ ।

### ਹੇਠ ਲਿਖੇ ਅਨੁਸਾਰ ਮਾਮਲੇ ਤੈਅ ਹੋਏ

1. ਤੈਅ ਹੋਇਆ ਕਿ ਪ੍ਰਸਾਵਤ ਵਸੀਯੱਤ ਦਾ ਮਸੌਦਾ (ਲੇਖ) ---------- ਮੰਜ਼ੂਰ ਕੀਤਾ ਜਾਵੇ

2. ਤੈਅ ਹੋਇਆ ਕਿ ਵਸੀਯੱਤ ਦੇ ਮਸੌਦੇ ਦੀਆਂ ਹੁਣ ਦੀ ਘੜੀ ਅੱਠ ਸੌ ਕਾਪੀਆਂ ਛਪਵਾਈਆਂ ਜਾਣ । ਅਤੇ ਅਤੇ ਅਖ਼ਬਾਰ ਅਲਹਕਮ ਤੇ ਬਦਰ ਵਿੱਚ ਵੀ ਪ੍ਰਕਾਸ਼ਤ ਕੀਤਾ ਜਾਵੇ ।

3. ਤੈਅ ਹੋਇਆ ਕਿ ਵਸੀਯੱਤ ਕਰਨ ਵਾਲਿਆਂ ਨੂੰ ਹੇਠ ਲਿਖੇ ਨਿਰਦੇਸ਼, ਪਾਲਨ ਕਰਨ ਲਈ ਭੇਜੇ ਜਾਣ ਅਤੇ ਇਹ ਨਿਰਦੇਸ਼ ਵਸੀਯੱਤ ਫ਼ਾਰਮ ਦੇ ਹੇਠਾਂ ਛਪਵਾਏ ਵੀ ਜਾਣ ।

(ੳ) ਜੇਕਰ ਜ਼ਰੂਰੀ ਹੋਵੇ ਤਾਂ ਵਸੀਯੱਤ ਕਰਨ ਵਾਲੇ ਵਸੀਯੱਤ ਦਾ ਮਸੌਦਾ ....... ਮੰਗਵਾਉਣ ਅਤੇ ਉਸਦੀ ਨਕਲ ਸਾਦੇ ਕਾਗ਼ਜ਼ ਉਪੱਰ ਫਿਰ ਤੋਂ ਕਰਨ ਅਤੇ ਜਿੱਥੇ ਜਿੱਥੇ ਖਾਲੀ ਥਾਂ ਛੱਡੀ ਗਈ ਹੈ ਉਥੇ ਆਪਣੇ ਹਾਲਾਤਾਂ ਅਨੁਸਾਰ ਖਾਨਾਪੂਰੀ ਕਰ ਲੈਣ । ਵਸੀਯੱਤ ਲਈ ਕਾਗ਼ਜ਼ ਮਜ਼ਬੂਤ ਲਗਾਉਣ ।

(ਅ) ਜਿੱਥੋਂ ਤੱਕ ਸੰਭਵ ਹੋਵੇ ਵਸੀਯੱਤ ਦੀ ਰਜਿਸਟਰੀ ਕਰਾਈ ਜਾਵੇ ਅਤੇ ਵਸੀਯੱਤ ਨਾਮੇ ਉਪੱਰ ਜਿੱਥੋਂ ਤੱਕ ਹੋ ਸਕੇ ਬਤੌਰ ਗਵਾਹ ਵਾਰਸਾਂ ਜਾਂ ਵਸੀਯੱਤ ਦੇ ਭਾਗੀਦਾਰਾਂ ਦੇ ਹਸਤਾਖਰ ਹੋਣ । ਇਸ ਦੇ ਨਾਲ ਹੀ ਸ਼ਹਿਰ ਜਾਂ ਪਿੰਡ ਦੇ ਦੋ ਉੱਘੇ (ਸਮੱਾਨਜਨਕ) ਗਵਾਹ ਹੋਣ ।

(ੲ) ਵਸੀਯੱਤ ਕਰਨ ਵਾਲੇ ਅਤੇ ਅਜਿਹਾ ਹੀ ਗਵਾਹ ਭਾਵੇਂ ਪੜ੍ਹੇ ਹੋਣ ਜਾਂ ਅਨਪੜ੍ਹ ਆਪਣੇ ਹਸਤਾਖਰਾਂ ਦੇ ਨਾਲ ਨਿਸ਼ਾਨ ਅੰਗੂਠਾ ਜ਼ਰੂਰ ਲਗਾਉਣ । ਅਤੇ ਜੋ ਪੜ੍ਹੇ ਹਨ ਉਹ ਹਸਤਾਖਰ ਵੀ ਕਰਨ । ਪੁਰਸ਼ ਖੱਬੇ ਹੱਥ ਦਾ ਅਤੇ ਇਸਤਰੀ ਸੱਜੇ ਹੱਥ ਦੇ ਅੰਗੂਠੇ ਦਾ ਨਿਸ਼ਾਨ ਲਗਾਉਣ ।

(ਸ) ਜੇਕਰ ਵਸੀਯੱਤ ਕਰਨ ਵਾਲਾ ਲਿੱਖ ਸਕਦਾ ਹੋਵੇ ਤਾਂ ਆਪਣੀ ਵਸੀਯੱਤ ਆਪ ਲਿਖੇ ।

(ਹ) ਵਸੀਯੱਤ ਉਪੱਰ ਅਸਟਾਮ ਦੀ ਲੋੜ ਨਹੀਂ ।

(ਕ) ਵਸੀਯੱਤ ਕਰਤਾ ਦੇ ਜੇਕਰ ਕੋਈ ਵਿਸ਼ੇਸ਼ ਹਾਲਾਤ ਹੋਣ ਅਤੇ ਉਸ ਵਿੱਚ ਕਿਸੇ ਕਨੂਨੀ ਸਲਾਹ ਦੀ ਲੋੜ ਹੋਵੇ ਤਾਂ ਉਹ ...... ਜੋ ਅੰਜੁਮਨ ਦੇ ਕਨੂਨੀ ਸਲਾਹਕਾਰ ਹਨ ਚਿੱਠੀ ਲਿੱਖਕੇ ਪੁੱਛ ਲੈਣ ।

(4) ਪੰਜਾਬ ਵਿੱਚ ਜ਼ਮੀਨਾਂ ਦੇ ਮਾਲਕਾਂ ਦੀਆਂ ਜੇਕਰ ਕੁਝ ਔਕੜਾਂ ਹਨ ਤਾਂ ਉਹਨਾ ਲਈ ਉਚਿਤ ਹੋਵੇਗਾ ਕਿ ਉਹ ਜਿਨ੍ਹੀਂ ਜ਼ਮੀਨ ਦੀ ਵਸੀਯੱਤ ਕਰਨਾ ਚਾਹੁੰਦੇ ਹਨ ਉਸ ਨੂੰ ਵਸੀਯੱਤ ਕਰਨ ਦੀ ਥਾਂ ਆਪਣੇ ਜੀਵਨ ਵਿੱਚ ਹੀ ਦਾਨ ਕਰ ਦੇਣ । ਦਾਨ ਕੀਤੀ ਜਾਣ ਵਾਲੀ ਜ਼ਮੀਨ ਦੇ ਦਾਨਪਤੱਰ ਉਪੱਰ ਅਸਲ

ਵਾਰਸਾਂ ਦੇ (ਜੇਕਰ ਕੋਈ ਹੋਣ) ਹਸਤਾਖਰ ਕਰਾਉਣ ਜਿਸ ਤੋਂ ਅਜਿਹੇ ਵਾਰਸਾਂ ਦੀ ਰਜ਼ਾਮੰਦੀ ਹੋਵੇ ਅਤੇ ਦਾਨਪਤੱਰ ਦੀ ਰਜਿਸਟਰੀ ਜ਼ਰੂਰੀ ਹੈ । ਦਾਨ ਕੀਤੀ ਗਈ ਜ਼ਮੀਨ ਦਾ ਦਾਖ਼ਲ-ਖ਼ਾਰਜ ਮਜਲਿਸ ਮੋਤਮਦੀਨ (ਟ੍ਰਸਟੀਜ਼) ਸਦਰ ਅੰਜੁਮਨ ਅਹਮਦੀਆ ਕਾਦੀਆਂ ਦੇ ਨਾਂ ਕਰਾਉਣ । ਪਰ ਅਜਿਹੀ ਅਵਸਥਾ ਵਿੱਚ ਉਹਨਾਂ ਨੂੰ ਨਵੀਂ ਬਣਾਈ ਜਇਦਾਦ ਬਾਰੇ ਅਜਿਹਾ ਸਮੇਂ ਸਮੇਂ ਤੇ ਕਰਨਾ ਹੋਵੇਗਾ ।

(5) ਜੇਕਰ ਉਪਰੋਕਤ ਰੈਜ਼ੁਲਿਊਸ਼ਨ ਨੰਬਰ 4 ਵਿੱਚ ਵੀ ਕੋਈ ਔਕੜ ਹੋਵੇ ਤਾਂ ਜਿਨ੍ਹੀਂ ਜਇਦਾਦ ਦੀ ਉਹ ਵਸੀਯੱਤ ਜਾਂ ਦਾਨ ਕਰਨਾ ਚਾਹੁੰਦਾ ਹੈ ਉਸਦੀ ਬਜ਼ਾਰੀ ਮੁੱਲ ਨਿਰਧਾਰਤ ਕਰਕੇ ਜਾਂ ਉਸ ਨੂੰ ਵੇਚ ਕੇ ਨਿਰਧਾਰਤ ਮੁੱਲ ਜਾਂ ਮੂਲ ਮੁੱਲ ਨੂੰ ਮਜਲਿਸ ਕਾਰਪਰਦਾਜ਼ ਮਸਾਲੇਹ ਕਬ੍ਰਿਸਤਾਨ ਦੇ ਹਵਾਲੇ ਕਰਨ । ਪਰ ਅਜਿਹੀ ਅਵਸਥਾਂ ਵਿੱਚ ਜਦ ਉਹ ਨਵੀਂ ਜਾਇਦਾਦ ਬਨਾਉਣ ਤਾਂ ਉਸ ਬਾਰੇ ਵੀ ਉਹਨਾ ਨੂੰ ਸਮੇਂ ਸਮੇਂ ਤੇ ਅਜਿਹਾ ਹੀ ਕਰਨਾ ਹੋਵੇਗਾ ।

(6) ਜੋ ਲੋਕ ਕੋਈ ਜਾਇਦਾਦ ਨਹੀਂ ਰੱਖਦੇ ਪਰ ਆਮਦਨੀ ਦਾ ਕੋਈ ਹੋਰ ਸਾਧਨ ਰੱਖਦੇ ਹਨ ਉਹ ਆਪਣੀ ਆਮਦਨ ਦਾ ਘੱਟੋ ਘੱਟ 1/10 ਭਾਗ ਮਾਸਕ ਅੰਜੁਮਨ ਦੇ ਹਵਾਲੇ ਕਰਨ । ਇਹ ਉਹਨਾਂ ਦਾ ਅਖ਼ਤਿਆਰ ਹੈ ਕਿ ਜੋ ਚੰਦੇ (ਦਾਨ) ਉਹ ਸਿਲਸਿਲਾ ਆਲੀਆ ਦੀ ਇਮਦਾਦ ਲਈ ਇਸ ਸਮੇਂ ਦਿੰਦੇ ਹਨ ਉਹਨਾਂ ਨੂੰ ਇਸ 1/10 ਭਾਗ ਵਿੱਚ ਸ਼ਾਮਲ ਰਹਿਣ ਦੇਣ ਜਾਂ ਵੱਖਰਿਆਂ ਕਰ ਦੇਣ । ਜੇਕਰ ਉਹ ਆਪਣੇ ਮਜੂਦਾ ਚੰਦਿਆਂ ਨੂੰ ਇਸ 1/10 ਭਾਗ ਵਿੱਚ ਸ਼ਾਮਲ ਕਰਨਾ ਚਾਹੁੰਦੇ ਹਨ ਤਾਂ ਜਿਵੇਂ ਉਹ ਚੰਦਾ ਭੇਜ ਰਹੇ ਹਨ ਭੇਜਦੇ ਰਹਿਣ । ਹਾਂ ਜੇਕਰ ਉਹਨਾਂ ਚੰਦਿਆਂ ਨੂੰ ਘਟਾ ਕੇ ਜੋ ਬਚੇ ਉਹ ਬਾਕੀ ਰਕਮ ਫ਼ਨਾਂਸ਼ਲ ਸੈਕ੍ਰੇਟਰੀ ਮਜਲਿਸ ਕਾਰਪਰਦਾਜ਼ ਮਸਾਲੇਹ ਕਬ੍ਰਿਸਤਾਨ ਦੇ ਨਾਂ ਭੇਜ ਦੇਣ । ਬਾਕੀ ਚਿੱਠੀ-ਪਤੱਰੀ ਇਸ ਮਜਲਿਸ ਦੇ ਸੈਕ੍ਰੇਟਰੀ ਨਾਲ ਕਰੋ । ਪਰ ਉਹਨਾਂ ਨੂੰ ਵਸੀਯੱਤ ਕਰਨੀ ਹੋਵੇਗੀ ਕਿ ਉਹਨਾਂ ਦੀ ਮੌਤ ਮਗਰੋਂ ਉਹਨਾਂ ਦੇ ਛੱਡੇ ਹੋਏ ਤਰਕੇ ਦੇ ਘੱਟੋ ਘੱਟ 1/10 ਭਾਗ ਦੀ ਮਾਲਕ ਅੰਜੁਮਨ ਹੋਵੇ ।

**ਨੋਟ** :- (ੳ) ਜੋ ਲੋਕ ਮਜਲਿਸ ਕਾਰਪਰਦਾਜ਼ ਮਸਾਲੇਹ ਕਬ੍ਰਿਸਤਾਨ ਨਾਲ ਸੰਬੰਧਤ ਵਸੀਯੱਤ ਜਾਂ ਦਾਨ ਬਾਰੇ ਵਧੇਰੇ ਕਨੂਨੀ ਜਾਨਕਾਰੀ ਪ੍ਰਾਪਤ ਕਰਨਾ

ਚਾਹੁੰਦੇ ਹਨ ਉਹ ਵਸੀਯੱਤ ਜਾਂ ਦਾਨਪਤੱਰ ਲਿਖੱਣ ਤੋਂ ਪਹਿਲਾਂ ਚਿਠੀ-ਪਤੱਰ ਰਾਹੀਂ ਪ੍ਰਾਪਤ ਕਰ ਸਕਦੇ ਹਨ ।

(ਅ) ਵਿਸ਼ੇਸ਼ ਹਾਲਾਤਾਂ ਵਿੱਚ ਮਜਲਿਸ ਮੋਤਮਦੀਨ ਨਾਲ ਚਿੱਠੀ-ਪਤੱਰੀ ਰਾਹੀਂ ਤੈਅ ਹੋ ਸਕਦਾ ਹੈ ।

(7) ਕੁਲ ਧਨ ਜੋ ਚੰਦਾ ਕਬ੍ਰਿਸਤਾਨ ਨਾਲ ਸੰਬੰਧਤ ਹੋਵੇ ਜਾਂ ਜੋ ਇਸ਼ਤਿਹਾਰ ਅਲਵਸੀਯੱਤ ਹੇਠ ਉਪਰੋਕਤ ਅਵਥਾ ਵਿੱਚ ਭੇਜਿਆ ਜਾਵੇ ਉਹ ਕੇਵਲ ਇਸ ਪਤੇ ਉਪੱਰ ਆਉਣਾ ਚਾਹੀਦਾ ਹੈ

''ਫ਼ਾਇਨੈਨਸ਼ੀਅਲ ਸੈਕ੍ਰੇਟਰੀ ਮਜਲਿਸ ਕਾਰਪਰਦਾਜ਼ ਮਸਾਲੇਹ ਕਬ੍ਰਿਸਤਾਨ'' ਹੋਰ ਕਿਸੇ ਮਨੁੱਖ ਦੇ ਨਾਂ ਜਾਂ ਕਿਸੇ ਹੋਰ ਪਤੇ ਉਪੱਰ ਨਹੀਂ ਆਉਣਾ ਚਾਹੀਦਾ ।

ਖ਼ਾਕਸਾਰ

ਮੁਹਮੱਦ ਅਲੀ

ਸੈਕ੍ਰੇਟਰੀ **29 ਜਨਵਰੀ, 1906**

ਨੂਰੁਦੀਨ **1 ਜੁਲਾਈ, 1906**

(ਹਸਤਾਖਰ ਹਜ਼ਰਤ ਮਸੀਹ ਮੌਊਦ ਅਲੈਹਿਸਲਾਮ)

ਮਿਰਜ਼ਾ ਗ਼ੁਲਾਮ ਅਹਮਦ

# ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਦੇ ਆਦੇਸ਼

1. ਤੀਜਾ ਵਸੀਯੱਤ ਦਾ ਮੁਦੱਾ ਹੈ । ਇਹ ਰੱਬ ਨੇ ਸਾਡੇ ਲਈ ਬਹੁਤ ਹੀ ਅਹਿਮ ਚੀਜ਼ ਰੱਖੀ ਹੈ ਅਤੇ ਇਸ ਰਾਹੀਂ ਸਵਰਗਾਂ ਨੂੰ ਸਾਡੇ ਬਹੁਤ ਹੀ ਨੇੜੇ ਕਰ ਦਿਤੱਾ ਹੈ । ਇਸ ਲਈ ਉਹ ਲੋਕ ਜਿੰਨ੍ਹਾ ਦੇ ਮਨਾ ਵਿੱਚ ਈਮਾਨ ਅਤੇ ਈਮਾਨਦਾਰੀ ਤਾਂ ਹੈ ਪਰ ਵਸੀਯੱਤ ਬਾਰੇ ਸੁਸਤੀ ਦਿਖਾਉਂਦੇ ਹਨ, ਮੈਂ ਉਹਨਾਂ ਨੂੰ ਧਿਆਨ ਦੁਆਉਂਦਾ ਹਾਂ ਕਿ ਵਸੀਯੱਤ ਵਲ ਛੇਤੀ ਵਧਨ । ਇਹਨਾਂ ਸੁਸਤੀਆਂ ਕਰਕੇ ਦੇਖਿਆ ਗਿਆ ਹੈ ਕਿ ਵੱਡੇ ਵੱਡੇ ਸ਼ੁਭਚਿੰਤਕ ਫ਼ੌਤ ਹੋ ਜਾਂਦੇ ਹਨ, ਉਹਨਾਂ ਨੂੰ ਅੱਜਕਲ ਕਰਦਿਆਂ ਮੌਤ ਆ ਜਾਂਦੀ ਹੈ ਫ਼ਿਰ ਦਿਲ ਕੁੜ੍ਹਦਾ ਹੈ ਅਤੇ ਹਸਰਤ ਹੁੰਦੀ ਹੈ ਕਿ ਕਾਸ਼ ਇਹ ਵੀ ਸ਼ੁਭਚਿੰਤਕਾਂ ਨਾਲ ਦਫ਼ਨ ਕੀਤੇ ਜਾਂਦੇ ਪਰ ਦਫ਼ਨ ਨਹੀਂ ਕੀਤੇ ਜਾ ਸਕਦੇ । ਸਾਰਿਆਂ ਦੇ ਦਿਲ ਉਹਨਾਂ ਦੀ ਮੌਤ ਉਪੱਰ ਮਹਿਸੂਸ ਕਰ ਰਹੇ ਹੁੰਦੇ ਹਨ ਕਿ ਉਹ ਨੇਕ ਸਨ ਅਤੇ ਇਸ ਯੋਗ ਸਨ ਕਿ ਹੋਰਨਾ ਸ਼ੁਭਚਿੰਤਕਾਂ ਨਾਲ ਦਫ਼ਨ ਕੀਤੇ ਜਾਂਦੇ, ਪਰ ਉਹਨਾਂ ਦੀ ਨਿੱਕੀ ਜਿਹੀ ਗ਼ਫ਼ਲਤ ਤੇ ਸੁਸਤੀ ਇਸ ਵਿੱਚ ਰੋਕ ਬਣ ਜਾਂਦੀ ਹੈ । ਫਿਰ ਅਨੇਕਾਂ ਅਜਿਹੇ ਲੋਕ ਸਾਡੀ ਜਮਾਤ ਵਿੱਚ ਮੌਜੂਦ ਹਨ ਜੋ ਦਸਵੇਂ ਭਾਗ ਤੋਂ ਵੱਧ ਚੰਦਾ ਦਿੰਦੇ ਹਨ ਪਰ ਉਹ ਵਸੀਯੱਤ ਨਹੀਂ ਕਰਦੇ । ਅਜਿਹੇ ਸਜੱਣਾ ਨੂੰ ਵੀ ਚਾਹੀਦਾ ਹੈ ਕਿ ਵਸੀਯੱਤ ਕਰਨ । ਸਗੋਂ ਅਜਿਹੇ ਸਜੱਣਾ ਲਈ ਤਾਂ ਕੋਈ ਮੁਸ਼ਕਲ ਹੈ ਹੀ ਨਹੀਂ । ਫਿਰ ਕਈ ਅਜਿਹੇ ਹਨ ਜੋ ਪੰਜ ਜਾਂ ਛੇ ਪੈਸੇ ਫ਼ੀ ਰੁਪਏ ਚੰਦਾ ਦੇ ਰਹੇ ਹੁੰਦੇ ਹਨ ਅਤੇ ਕੇਵਲ ਦਮੜੀ ਜਾਂ ਅਧੇਲਾ ਉਹਨਾਂ ਨੂੰ ਵਸੀਯੱਤ ਤੋਂ ਵਾਂਜਿਆਂ ਕਰ ਰਿਹਾ ਹੁੰਦਾ ਹੈ । ਭਾਵ ਥੋੜੇ ਥੋੜੇ ਪੈਸਿਆਂ ਦੇ ਅੰਤਰ ਕਰਕੇ ਸਾਡੀ ਜਮਾਤ ਦੇ ਹਜ਼ਾਰਾਂ ਹਜ਼ਾਰ ਲੋਕ ਵਸੀਯੱਤ ਤੋਂ ਵਾਂਝੇ ਹਨ । ਅਤੇ ਜਨੱਤ (ਸਵਰਗ) ਤੋਂ ਨੇੜੇ ਹੁੰਦਿਆਂ ਹੋਇਆਂ ਵੀ ਇਸ ਵਿੱਚ ਦਾਖ਼ਲ ਨਹੀਂ ਹੁੰਦੇ ।

ਫਿਰ ਕੁਝ ਲੋਕ ਮੌਤ ਦੇ ਰੋਗ ਵਿੱਚ ਵਸੀਯੱਤ ਕਰਦੇ ਹਨ, ਜਦਕਿ ਇਹ ਵਸੀਯੱਤ ਮਨਜ਼ੂਰ ਨਹੀਂ ਹੁੰਦੀ । ਰਸੂਲੇ ਕਰੀਮ ਸਲੱਲੱਾਹੁ ਅਲੈਹਿ ਵਸਲਅਮ ਨੇ ਇਸ ਨੂੰ ਪਸੰਦ ਨਹੀਂ ਕੀਤਾ । ਵਸੀਯੱਤ ਉਹੋ ਹੈ ਜੋ ਜੀਵਨ ਅਤੇ ਜੀਵਤ

ਅਵਸਥਾ ਵਿੱਚ ਕੀਤੀ ਜਾਵੇ, ਅਤੇ ਸ਼ੰਕਾ ਰਹਿਤ ਹੋਵੇ । ਇਸ ਲਈ ਸਜਣਾ ਨੂੰ ਚਾਹੀਦਾ ਹੈ ਕਿ ਜੋ ਵਸੀਯੱਤ ਦੇ ਬਰਾਬਰ ਚੰਦਾ ਦਿੰਦੇ ਹਨ ਅਤੇ ਅਜਿਹੇ ਸੈਂਕੜੇ ਲੋਕ ਹਨ ਉਹ ਹਸਾਬ ਲਾਕੇ ਵਸੀਯੱਤ ਕਰ ਦੇਣ, ਕੁਝ ਜੇਕਰ ਗ਼ੌਰ ਕਰਨ ਤਾਂ ਉਹਨਾਂ ਨੂੰ ਪਤਾ ਲੱਗੇਗਾ ਕਿ ਕੇਵਲ ਇਕ ਪੈਸਾ ਵੱਧ ਦੇਣ ਨਾਲ ਉਹਨਾਂ ਲਈ ਜਨੱਤ (ਸਵਰਗ) ਦਾ ਵਾਦਾ ਹੋ ਜਾਂਦਾ ਹੈ । ਇਸ ਲਈ ਜਿਵੇਂ ਹੋ ਸਕੇ ਸਜੱਣਾ ਮਿਤੱਰਾਂ ਨੂੰ ਚਾਹੀਦਾ ਹੈ ਕਿ ਉਹ ਵਸੀਯੱਤ ਕਰਨ । ਅਤੇ ਮੈਂ ਯਕੀਨ ਰਖੱਦਾ ਹਾਂ ਕਿ ਵਸੀਯੱਤ ਕਰਨ ਨਾਲ ਈਮਾਨ ਦੀ ਤਰੱਕੀ ਜ਼ਰੂਰ ਹੁੰਦੀ ਹੈ । ਜੱਦ ਅਲੱਾਹ ਤਆਲਾ ਦਾ ਵਾਦਾ ਹੈ ਕਿ ਉਹ ਇਸ ਜ਼ਮੀਨ ਵਿੱਚ ਮੁਤੱਕੀ (ਸੰਜਮੀ) ਨੂੰ ਦਫ਼ਨ ਕਰੇਗਾ, ਤਾਂ ਜੋ ਮਨੁੱਖ ਵਸੀਯੱਤ ਕਰਦਾ ਹੈ ਉਸਨੂੰ ਮੁਤੱਕੀ (ਸੰਜਮੀ) ਬਣਾ ਵੀ ਦਿੰਦਾ ਹੈ।" ( **ਅਲਫ਼ਜ਼ਲ 1 ਸਤੰਬਰ 1932 ਈ.**)

# ਵਸੀਯੱਤ ਛੇਤੀ ਕਰੋ

**2.** ਭਾਵ, ਜਿਵੇਂ ਕਿ ਮੈਂ ਦੱਸਿਆ ਹੈ ਕਿ ਵਸੀਯੱਤ ਉਸ ਸਾਰੇ ਨਜ਼ਾਮ ਉਪੱਰ ਭਾਰੀ ਹੈ ਜੋ ਇਸਲਾਮ ਨੇ ਕਾਇਮ ਕੀਤਾ ਹੈ । ਕੁਝ ਲੋਕ ਗਲਤੀ ਨਾਲ ਇਹ ਵਿਚਾਰ ਕਰਦੇ ਹਨ ਕਿ ਵਸੀਯੱਤ ਦਾ ਮਾਲ ਕੇਵਲ ਸ਼ਬਦ ਰੂਪ ਇਸਲਾਮੀ ਪ੍ਰਚਾਰ ਲਈ ਹੈ ਪਰ ਇਹ ਗਲ ਠੀਕ ਨਹੀਂ । ਵਸੀਯੱਤ ਸ਼ਾਬਦਕ ਪ੍ਰਚਾਰ ਅਤੇ ਅਮਲੀ ਪ੍ਰਸਾਰ ਦੋਹਾਂ ਲਈ ਹੈ । ਜਿਵੇਂ ਇਸ ਵਿੱਚ ਪ੍ਰਚਾਰ ਸ਼ਾਮਲ ਹੈ ਉਸੇ ਪ੍ਰਕਾਰ ਇਸ ਵਿੱਚ ਉਸ ਨਵੇਂ ਨਜ਼ਾਮ ਦੀ ਪੂਰਨਤਾ ਵੀ ਸ਼ਾਮਲ ਹੈ ਜਿਸਦੇ ਹੇਠ ਹਰ ਮਨੁੱਖ ਦੀ ਸਮੱਾਨਜਨਕ ਰੋਟੀ ਦਾ ਪ੍ਰਬੰਧ ਕੀਤਾ ਜਾਵੇਗਾ । ਜਦ ਵਸੀਯੱਤ ਦਾ ਨਜ਼ਾਮ ਪੂਰਨ ਹੋਵੇਗਾ ਤਾਂ ਕੇਵਲ ਪ੍ਰਚਾਰ ਹੀ ਇਸ ਤੋਂ ਨਹੀਂ ਹੋਵੇਗਾ ਸਗੋਂ ਇਸਲਾਮ ਦੇ ਉਦੇਸ਼ਿਆਂ ਅਨੁਸਾਰ ਹਰ ਇਕ ਦੀ ਲੋੜਾਂ ਨੂੰ ਪੂਰਿਆਂ ਕੀਤਾ ਜਾਵੇਗਾ ਅਤੇ ਦੁੱਖਾਂ, ਔਕੜਾਂ ਅਤੇ ਕਠਿਨਾਈਆਂ ਨੂੰ ਇੰਸ਼ਾਅਲੱਾਹ ਦੁਨੀਆ ਵਿਚੋਂ ਮਿਟਾ ਦਿੱਤਾ ਜਾਵੇਗਾ । ਯਤੀਮ ਭੀਖ ਨ ਮੰਗਣਗੇ, ਵਿਧਵਾਵਾਂ ਲੋਕਾਂ ਅੱਗੇ ਹੱਥ ਨ ਅੱਡਣਗੀਆਂ, ਬੇਆਸਰਾ ਚਿੰਤਾ ਵਿੱਚ ਨਹੀਂ ਫਿਰੇਗਾ ਕਿਉਂਕਿ ਵਸੀਯੱਤ ਬੱਚਿਆਂ ਦੀ ਮਾਂ ਹੋਵੇਗੀ, ਜਵਾਨਾਂ ਦੀ ਪਿਤਾ ਹੋਵੇਗੀ, ਇਸਤਰੀਆਂ

ਦਾ ਸੁਹਾਗ ਹੋਵੇਗੀ ਅਤੇ ਜਬਰ ਤੋਂ ਰਹਿਤ ਪ੍ਰੇਮ ਅਤੇ ਦਿਲੀ ਖੁਸ਼ੀ ਨਾਲ ਭਾਈ ਭਾਈ ਦੀ ਇਸ ਰਾਹੀਂ ਮਦਦ ਕਰੇਗਾ । ਉਸ ਦਾ ਦੇਣਾ ਬਦਲੇ ਤੋਂ ਖਾਲੀ ਨਹੀਂ ਹੋਵੇਗਾ ਸਗੋਂ ਹਰ ਦੇਣ ਵਾਲਾ ਰੱਬ ਤੋਂ ਚੰਗਾ ਬਦਲਾ ਪ੍ਰਾਪਤ ਕਰੇਗਾ । ਨ ਅਮੀਰ (ਧਨਵਾਨ) ਘਾਟੇ ਵਿੱਚ ਰਹੇਗਾ ਨ ਗ਼ਰੀਬ । ਨ ਕੌਮ ਕੌਮ ਤੋਂ ਲੜੇਗੀ ਸਗੋਂ ਉਸਦਾ ਉਪਕਾਰ ਸਾਰੀ ਦੁਨੀਆ ਉਪੱਰ ਛਾਇਆ ਰਹੇਗਾ ।

ਸੋ, ਹੇ ਸਜੱਣੋ ! ਦੁਨੀਆ ਦਾ ਨਵਾਂ ਨਜ਼ਾਮ ਨ ਮਿਸਟਰ ਚਰਚਲ ਬਣਾ ਸਕਦੇ ਹਨ ਨ ਮਿਸਟਰ ਰੋਜ਼ਵੈਲਟ ਬਣਾ ਸਕਦੇ ਹਨ । ਇਹ ਐਟਲਾਂਟਿਕ ਚਾਰਟਰ ਦੇ ਦਾਵੇ ਸਾਰੇ ਢਕੋਸਲੇ ਹਨ ਅਤੇ ਇਸ ਵਿੱਚ ਕਈ ਨੁਕਸ, ਐਬ ਤੇ ਖ਼ਾਮੀਆ ਹਨ । ਨਵੇਂ ਨਜ਼ਾਮ ਉਹੋ ਲਿਆਉਂਦੇ ਜੋ ਰੱਬ ਵੱਲੋਂ ਭੇਜੇ ਜਾਂਦੇ ਜਿੰਨ੍ਹਾ ਦੇ ਮਨਾਂ ਵਿੱਚ ਨ ਅਮੀਰ ਦਾ ਵੈਰ ਹੁੰਦਾ ਹੈ ਨ ਗ਼ਰੀਬ ਦੇ ਲਈ ਅਣਉਚਿਤ ਪ੍ਰੇਮ ਹੁੰਦਾ ਹੈ । ਜੋ ਨ ਪੂਰਬ ਦੇ ਹੁੰਦੇ ਹਨ ਨ ਪਛੱਮ ਦੇ । ਉਹ ਰੱਬ ਦੇ ਪੈਗੰਬਰ ਹੁੰਦੇ ਹਨ ਅਤੇ ਉਹੋ ਹੀ ਸਿੱਖਿਆ ਪੇਸ਼ ਕਰਦੇ ਹਨ ਜੋ ਅਮਨ ਕਾਇਮ ਕਰਨ ਦਾ ਹਕੀਕੀ ਸਾਧਨ ਹੁੰਦੀ ਹੈ । ਇਸ ਲਈ ਅਜ ਉਹੋ ਸਿੱਖਿਆ ਅਮਨ ਕਾਇਮ ਕਰੇਗੀ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਰਾਹੀਂ ਆਈ ਹੈ ਅਤੇ ਜਿਸ ਦੀ ਨੀਂਹ ਅਲਵਸੀਯੱਤ ਰਾਹੀਂ ਸੰਨ 1905 ਈ. ਵਿੱਚ ਰੱਖ ਦਿੱਤੀ ਗਈ ਹੈ ।

ਇਸ ਲਈ ਸਰਿਆਂ ਨੂੰ ਇਸਦੀ ਮਹਤੱਤਾ ਨੂੰ ਸਮਝਣਾ ਚਾਹੀਦਾ ਹੈ ਅਤੇ ਉਹਨਾਂ ਦਲੀਲਾਂ ਨੂੰ ਚੰਗੀ ਤਰ੍ਹਾਂ ਚੇਤੇ ਰੱਖਣਾ ਚਾਹੀਦਾ ਹੈ ਜੋ ਮੈਂ ਵਰਨਣ ਕੀਤੀਆਂ ਹਨ । ਕਿਉਂਕਿ ਲਗਭਗ ਹਰ ਥਾਂ ਅਜਿਹੇ ਲੋਕ ਮਿਲ ਜਾਂਦੇ ਹਨ ਜੋ ਬਾਲਸ਼ੂਜ਼ਮ (ਕਮਿਊਨੀਜ਼ਮ ਦੀ ਇਕ ਕਿਸਮ) ਦੇ ਪ੍ਰਸ਼ੰਸਕ ਹੁੰਦੇ ਹਨ । ਮੈਂ ਇਸ ਤਹਿਰੀਕ ਦੀਆਂ ਖ਼ੂਬੀਆਂ ਵੀ ਵਰਨਣ ਕਰ ਦਿੱਤੀਆਂ ਹਨ ਅਤੇ ਇਸ ਦੀਆਂ ਖ਼ਾਮੀਆਂ ਵੀ ਦਸ ਦਿੱਤੀਆਂ ਹਨ । ਇਸੇ ਪ੍ਰਕਾਰ ਹੋਰਨਾ ਤਹਰੀਕਾਂ ਦੀਆਂ ਖ਼ੂਬੀਆਂ ਅਤੇ ਖ਼ਾਮੀਆਂ ਵੀ ਦਸ ਦਿੱਤੀਆਂ ਹਨ । ਸੋ, ਉਹਨਾਂ ਉਪੱਰ ਗ਼ੌਰ ਕਰੋ ਅਤੇ ਸਿੱਖਿਅਕ ਵਰਗ ਨਾਲ ਇਹਨਾਂ ਨੂੰ ਧਿਆਨ ਵਿੱਚ ਰਖੱਦਿਆਂ ਹੋਇਆਂ ਗਲ ਬਾਤ ਕਰੋ ਮੈਂ ਤੁਹਾਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਇਹ ਦਲੀਲਾਂ ਅਜਿਹੀਆਂ ਹਨ ਜਿੰਨ੍ਹਾ ਦਾ ਕੋਈ ਉਤੱਰ ਉਹਨਾਂ ਦੇ ਸਮਰਥਕਾਂ ਕੋਲ ਨਹੀਂ ।

ਦੁਨੀਆ ਵਿੱਚ ਜੇਕਰ ਅਮਨ ਕਇਮ ਹੋ ਸਕਦਾ ਹੈ ਤਾਂ ਕੇਵਲ ਇਸੇ ਰਾਹੀਂ, ਜਿਸਨੂੰ ਅੱਜ ਮੈਂ ਵਰਨਣ ਕੀਤਾ ਹੈ । ਇਸੇ ਪ੍ਰਕਾਰ ਅੱਜ ਤੋਂ ਵੀਹ ਵਰ੍ਹੇ ਪਹਿਲਾਂ ਸੰਨ 1924 ਈ. ਵਿੱਚ ਸਰਬ ਸ਼ਾਂਤੀ ਦੀ ਸਥਾਪਨਾ ਬਾਰੇ ਮੇਰੇ ਰਾਹੀਂ ਕਿਤਾਬ "ਅਹਮਦੀਅਤ" ਵਿੱਚ ਰੱਬ ਨੇ ਇਕ ਅਜਿਹਾ ਮਹਾਨ ਪ੍ਰਗਟਾਵਾ ਕੀਤਾ ਕਿ ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਅਜਿਹਾ ਮਹਾਨਤਮ ਪ੍ਰਗਟਾਵਾ ਤੇਰ੍ਹਾਂ ਸੌ ਸਾਲ ਵਿੱਚ ਪਹਿਲੇ ਵਿਆਖਿਆਕਾਰਾ ਵਿੱਚੋਂ ਕਿਸੇ ਨੇ ਨਹੀਂ ਕੀਤਾ । ਨਿਸ਼ਚੇ ਹੀ ਉਹ ਅਜਿਹੀ ਸਿੱਖਿਆ ਹੈ ਕਿ ਭਾਵੇਂ ਇਸ ਪ੍ਰਕਾਰ ਦਾ ਦਾਵਾ ਕਰਨਾ ਮੇਰੀ ਆਦਤ ਦੇ ਵਿਪਰੀਤ ਹੈ, ਪਰ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਇਸ ਪ੍ਰਕਾਰ ਦਾ ਪ੍ਰਗਟਾਵਾ ਸਿਵਾਏ ਨਬੀਆਂ ਅਤੇ ਉਹਨਾਂ ਦੇ ਖ਼ਲੀਫ਼ਿਆਂ (ਉਤਰਾਧਿਕਾਰੀਆਂ) ਦੇ ਅੱਜ ਤੱਕ ਕਦੇ ਕਿਸੇ ਨੇ ਨਹੀਂ ਕੀਤਾ । ਜੇਕਰ ਕੀਤਾ ਹੋਵੇ ਤਾਂ ਲਿਆਓ, ਮੈਨੂੰ ਉਸਦੀ ਉਦਾਹਰਣ ਦਿਖਾਓ ।

ਸੋ, ਹੇ ਸਜੱਣੋ ! ਜਿੰਨ੍ਹਾ  ਨੇ ਵਸੀਯੱਤ ਕੀਤੀ ਹੋਈ ਹੈ ਸਮਝ ਲਓ ਕਿ ਆਪ ਲੋਕਾਂ ਵਿੱਚੋਂ ਜਿਸ ਜਿਸ ਨੇ ਆਪਣੀ ਆਪਣੀ ਥਾਂ ਵਸੀਯੱਤ ਕੀਤੀ ਹੋਈ ਹੈ ਉਸ ਨੇ ਨਵੇ ਨਜ਼ਾਮ ਦੀ ਨੀਂਹ ਰੱਖ ਦਿੱਤੀ ਹੈ । ਉਸ ਨਵੇ ਨਜ਼ਾਮ ਦੀ ਜੋ ਉਸਦੀ ਅਤੇ ਉਸਦੇ ਪਰਿਵਾਰ ਦੀ ਰੱਖਿਆ ਦਾ ਅਧਾਰ ਹੈ, ਅਤੇ ਜਿਸ ਜਿਸ ਨੇ ਤਹਰੀਕੇ ਜਦੀਦ ਵਿੱਚ ਭਾਗ ਲਿਆ ਹੈ, ਜੇਕਰ ਉਹ ਅਪਣੀ ਗ਼ਰੀਬੀ ਕਰਕੇ ਭਾਗ ਨਹੀ ਲੈ ਸਕਿਆ ਤਾਂ ਉਹ ਇਸ ਤਹਰੀਕ ਦੀ ਸਫ਼ਲਤਾ ਲਈ ਲਗਾਤਾਰ ਦੁਆਵਾਂ ਕਰਦਾ ਹੈ ਉਸਨੇ ਵਸੀਯੱਤ ਦੇ ਨਜ਼ਾਮ ਨੂੰ  ਵਿਸ਼ਾਲ ਕਰਨ ਦੀ  ਨੀਂਹ ਰੱਖ ਦਿੱਤੀ ਹੈ।

ਸੋ, ਹੇ ਸਜੱਣੋ ! ਦੁਨੀਆ ਦਾ ਨਵਾਂ ਨਿਜ਼ਾਮ (ਵਿਵਸਥਾ) ਧਰਮ ਨੂੰ ਢਾਹ ਕੇ ਬਣਾਇਆ ਜਾ ਰਿਹਾ ਹੈ, ਤੁਸੀਂ ਤਹਰੀਕੇ ਜਦੀਦ ਅਤੇ ਵਸੀਯੱਤ ਰਾਹੀਂ ਇਸ ਤੋਂ ਵਧੀਆ ਨਜ਼ਾਮ (ਵਿਵਸਥਾ, ਪ੍ਰਬੰਧ) ਧਰਮ ਨੂੰ ਕਾਇਮ ਰੱਖਦਿਆਂ ਹੋਇਆਂ ਤਿਆਰ ਕਰੋ, ਪਰ ਛੇਤੀ ਕਰੋ । ਕਿਉਂਕਿ ਦੌੜ ਵਿੱਚ ਜਿਹੜਾ ਅੱਗੇ ਨਿਕਲ ਜਾਵੇ ਉਹੋ ਜਿਤਦਾ ਹੈ । ਸੋ ਤੁਸੀਂ ਛੇਤੀ ਤੋਂ ਛੇਤੀ ਵਸੀਯੱਤ ਕਰੋ ਤਾਂ ਜੋ ਛੇਤੀ ਤੋਂ ਛੇਤੀ ਨਵੇਂ ਨਜ਼ਾਮ ਦੀ ਉਸਾਰੀ  ਹੋਵੇ । ਅਤੇ ਉਹ ਮੁਬਾਰਕ ਦਿਨ ਆ ਜਾਵੇ ਜੱਦਕਿ ਚਾਰੇ ਪਾਸੇ ਇਸਲਾਮ ਅਤੇ ਅਹਮਦੀਅਤ ਦਾ ਝੰਡਾ ਲਹਿਰਾਉਣ

ਲੱਗੇ । ਇਸਦੇ ਨਾਲ ਹੀ ਮੈਂ ਉਹਨਾਂ ਸਰਿਆਂ ਮਿਤੱਰਾਂ ਨੂੰ ਵਧਾਈ ਦਿੰਦਾ ਹਾਂ ਜਿੰਨ੍ਹਾ ਨੂੰ ਵਸੀਯੱਤ ਕਰਨ ਦਾ ਬਲ ਪ੍ਰਾਪਤ ਹੋਇਆ ਹੈ । ਅਤੇ ਮੈਂ ਦੁਆ ਕਰਦਾ ਹਾਂ ਕਿ ਅਲੱਾਹ ਤਆਲਾ ਉਹਨਾਂ ਲੋਕਾਂ ਨੂੰ ਵੀ ਜੋ ਅਜੇ ਹੁਣ ਤੱਕ ਇਸ ਨਜ਼ਾਮ ਵਿੱਚ ਰਲੇ ਨਹੀਂ, ਬਲ ਬਖ਼ਸ਼ੇ ਕਿ ਉਹ ਵੀ ਇਸ ਵਿੱਚ ਭਾਗ ਲੈਕੇ ਧਾਰਮਕ ਅਤੇ ਸੰਸਾਰਕ ਬਰਕਤਾਂ ਨਾਲ ਮਾਲਾਮਾਲ ਹੋ ਸਕਣ ਅਤੇ ਦੁਨੀਆ ਇਸ ਨਜ਼ਾਮ ਰਾਹੀਂ ਅਜਿਹੇ ਢੰਗ ਵਿੱਚ ਲਾਭ ਉਠਾਏ ਕਿ ਅੰਤ ਨੂੰ ਉਸਨੂੰ ਮੰਨ੍ਹਣਾ ਪਵੇ ਕਿ ਕਾਦੀਆਂ ਦੀ ਉਹ ਨਗਰੀ ਜਿਸ ਨੂੰ ਪੇਂਡੂ ਕਿਹਾ ਜਾਂਦਾ ਸੀ, ਜਿਸਨੂੰ ਮੂਰਖਤਾ ਦੀ ਬਸਤੀ ਕਿਹਾ ਜਾਂਦਾ ਸੀ, ਇਸ ਵਿੱਚੋਂ ਉਹ ਨੂਰ ਨਿਕਲਿਆ ਜਿਸਨੇ ਸਾਰੀ ਦੁਨੀਆ ਦੇ ਹਨ੍ਹੇਰਿਆਂ ਨੂੰ ਦੂਰ ਕਰ ਦਿੱਤਾ, ਜਿਸਨੇ ਸਾਰੀ ਦੁਨੀਆ ਦੀ ਅਗਿਆਨਤਾ ਨੂੰ ਦੂਰੂ ਕਰ ਦਿੱਤਾ, ਜਿਸਨੇ ਸਾਰੀ ਦੁਨੀਆ ਦੇ ਦੁੱਖਾਂ ਅਤੇ ਕਸ਼ਟਾਂ ਨੂੰ ਦੂਰ ਕਰ ਦਿੱਤਾ ਅਤੇ ਜਿਸਨੇ ਹਰ ਅਮੀਰ ਤੇ ਗ਼ਰੀਬ ਨੂੰ, ਛੋਟੇ ਤੇ ਵੱਡੇ ਨੂੰ ਪ੍ਰੇਮ, ਪਿਆਰ ਅਤੇ ਸਾਂਝੀਵਾਲਤਾ ਨਾਲ ਰਹਿਣ ਦਾ ਬਲ ਬੱਖਸ਼ਿਆ।" (,,ਨਜ਼ਾਮੇ ਨੌ" ਪੰਨ੍ਹਾ **110** ਤੋਂ **112** ਐਡੀਸ਼ਨ ਦੂਜਾ )

3. "ਇਸ ਸਮੇਂ ਮੇਰੇ ਕੋਲ ਘੱਟੋ ਘੱਟ ਇਹ ਤਹਰੀਕ ਹੋਣੀ ਚਾਹੀਦੀ ਹੈ ਕਿ ਜਮਾਤ ਦਾ ਹਰ ਵਿਅਕਤੀ ਵਸੀਯੱਤ ਕਰੇ । ਦੁਨੀਆ ਵਿੱਚ ਹਰ ਚੀਜ਼ ਦੇ ਮੁਜ਼ਾਹਰੇ ਦਾ ਇਕ ਸਮਾਂ ਹੁੰਦਾ ਹੈ । ਸਾਡੇ ਹੱਥੋਂ ਕਦੀਆਂ ਦੇ ਨਿਕਲ ਜਾਣ ਕਰਕੇ ਦੁਸ਼ਮਣ ਦੀਆਂ ਨਜ਼ਰਾਂ ਇਸ ਸਮੇਂ ਵਿਸ਼ੇਸ਼ ਤੌਰ ਤੇ ਇਸ ਗਲ'ਤੇ ਲੱਗੀਆਂ ਹਨ, ਕਿ ਬਹਿਸ਼ਤੀ ਮਕਬਰਾ ਉਹਨਾਂ ਦੇ ਹੱਥੋਂ ਖੁੰਝ ਗਿਆ ਹੈ ਜੀਹਦੇ ਲਈ ਇਹ ਲੋਕ ਵਸੀਯੱਤ ਕਰਿਆ ਕਰਦੇ ਸਨ । ਹੁਣ ਅਸੀਂ ਦੇਖਾਂਗੇ ਕਿ ਇਹ ਲੋਕ ਕਿਵੇਂ ਵਸੀਯੱਤ ਕਰਦੇ ਹਨ । ਇਸ ਇਥਰਾਜ਼ ਨੂੰ ਰੱਦ ਕਰਨ ਦਾ ਸਾਡੇ ਕੋਲ ਇਕ ਹੀ ਸਾਧਨ ਹੈ ਕਿ ਹਰ ਅਹਮਦੀ ਵਸੀਯੱਤ ਕਰ ਦੇਵੇ, ਅਤੇ ਦੁਨੀਆ ਨੂੰ ਦਸ ਦੇਵੇ ਕਿ ਸਾਨੂੰ ਖ਼ੁਦਾ ਤਆਲਾ ਦੇ ਵਾਦਿਆਂ ਉਪੱਰ ਜੋ ਈਮਾਨ ਅਤੇ ਭਰੋਸਾ ਪ੍ਰਾਪਤ ਹੈ ਉਹ ਕਾਦੀਆਂ ਦੇ ਸਾਡੇ ਹੱਥੋਂ ਨਿਕਲ ਜਾਣ ਜਾਂ ਨ ਨਿਕਲਣ ਨਾਲ ਜੁੜਿਆ ਨਹੀਂ ਸਗੋਂ ਅਸੀਂ ਹਰ ਅਵਸਥਾ ਵਿੱਚ ਅਪਣੇ ਈਮਾਨ ਉਪੱਰ ਕਾਇਮ ਰਹਿਣ ਵਾਲੇ ਹਾਂ । ਇਹ ਘੱਟੋ ਘੱਟ ਈਮਾਨ ਦਾ ਮੁਜ਼ਾਹਰਾ ਹੈ, ਜਿਸ ਦੀ ਇਸ ਸਮੇਂ

ਤੁਹਾਥੋਂ ਆਸ ਕੀਤੀ ਜਾਂਦੀ ਹੈ । ਸੋ, ਜੋ ਵਿਅਕਤੀ ਸਾਢੇ ਸੋਲ੍ਹਾਂ ਪ੍ਰਤੀਸ਼ਤ ਵੀ ਨਹੀਂ ਦੇ ਸਕਦਾ ਮੈਂ ਸਮਝਦਾ ਹਾਂ ਉਸਦੇ ਲਈ ਘੱਟੋ ਘੱਟ ਇਨ੍ਹਾ ਮੁਜ਼ਾਹਰਾ ਕਰਨਾ ਜ਼ਰੂਰੀ ਹੈ ਕਿ ਵਸੀਯੱਤ ਕਰ ਦੇਵੇ ਅਤੇ ਜਤਨ ਕਰੇ ਕਿ ਸਾਡੀ ਜਮਾਤ ਵਿੱਚ ਕੋਈ ਇਕ ਵਿਅਕਤੀ ਵੀ ਅਜਿਹਾ ਨ ਰਹੇ ਜਿਸ ਨੇ ਵਸੀਯੱਤ ਨ ਕੀਤੀ ਹੋਵੇ।'' **(ਅਲਫ਼ਜ਼ਲ 5 ਜੂਨ ਸੰਨ 1948 ਈ.)**

# ਵਸੀਯੱਤ ਦੇ ਹਿੱਸੇ ਦੀ ਅਦਾਇਗੀ

**4.** ਇਕ ਸਾਹਬ ਨੇ ਸਵਾਲ ਕੀਤਾ ਕਿ ਜੇਕਰ ਇਕ ਵਿਅਕਤੀ ਜਿਸਨੇ ਆਮਦਨੀ ਬਾਰੇ ਵਸੀਯੱਤ ਕੀਤੀ ਹੋਈ ਹੋਵੇ ਕਿ ਅਪਣੀ ਆਮਦਨ ਵਿੱਚੋਂ ਮਾਸਕ ਅਦਾਇਗੀ ਕਰਦਾ ਹੈ ਅਤੇ ਬਾਕੀ ਰਕਮ ਵਿੱਚੋਂ ਜਾਇਦਾਦ ਬਣਾਏ ਤਾਂ ਕੀ ਉਸ ਜਾਇਦਾਦ ਵਿੱਚੋਂ ਵੀ ਹਿੱਸਾ ਵਸੀਯੱਤ ਦੇਣਾ ਬਣਦਾ ਹੈ ?

ਫ਼ਰਮਾਇਆ, ''ਹਾਂ, ਦੇਣਾ ਬਣਦਾ ਹੈ । ਵਸੀਯੱਤ ਅਸਲ ਵਿੱਚ ਮੌਤ ਮਗਰੋਂ ਜੋ ਕੁਝ ਹੋਵੇ ਉਸ ਵਿੱਚੋਂ ਦੇਣੀ ਬਣਦੀ ਹੈ ।

ਪ੍ਰਸ਼ਨ ਕਰਤਾ :-ਇਸ ਪ੍ਰਕਾਰ ਦੋ ਵਾਰ ਹਿਸੱਾ ਵਸੀਯੱਤ ਦੇਣਾ ਪਿਆ, ਇਕ ਵਾਰ ਮਾਸਕ ਆਮਦਨੀ ਵਿੱਚੋਂ ਫ਼ਿਰ ਦੂਜੀ ਵਾਰ ਉਸੇ ਆਮਦਨੀ ਵਿੱਚੋਂ ਜਿਸ ਵਿੱਚੋਂ ਵਸੀਯੱਤ ਦਿੱਤੀ ਜਾ ਚੁੱਕੀ ਹੈ ਜੋ ਜਾਇਦਾਦ ਬਣਾਈ ਗਈ ਹੈ ਉਸ ਵਿੱਚੋਂ।

ਫ਼ਰਮਾਇਆ, ''ਮਨੁੱਖ ਆਪਣੀ ਆਮਦਨੀ ਤੋਂ ਪੈਸੇ ਬਚਾਕੇ ਜੋ ਜਾਇਦਾਦ ਬਣਾਉਂਦਾ ਹੈ ਜੇਕਰ ਜਇਦਾਦ ਦੀ ਥਾਂ ਕਿਸੇ ਹੋਰ ਕੰਮ ਉਪੱਰ ਲਗਾਏ ਤਾਂ ਉਸ ਤੋਂ ਜੋ ਆਮਦਨੀ ਹੋਵੇਗੀ ਉਸ ਦਾ ਹਿਸੱਾ ਵਸੀਯੱਤ ਦੇਵੇਗਾ, ਫ਼ਿਰ ਜੱਦ ਉਹ ਜਇਦਾਦ ਉਪੱਰ ਪੈਸੇ ਖ਼ਰਚ ਕਰਦਾ ਹੈ ਤਾਂ ਉਸ ਵਿੱਚੋਂ ਹਿਸੱਾ ਜਾਇਦਾਦ ਕਿਉਂ ਨਹੀਂ, ਇਹ ਤਾਂ ਜਾਇਦਾਦ ਹੈ ਜੋ ਪੈਦਾ ਕੀਤੀ ਗਈ ਹੈ । ਜੇਕਰ ਕਿਸੇ ਵਿਅਕਤੀ ਕੋਲ ਦਸ ਘੁਮਾਓ ਜ਼ਮੀਨ ਹੋਵੇ ਅਤੇ ਉਹ ਇਕ ਘੁਮਾਓ ਵਸੀਯੱਤ ਵਿੱਚ ਦੇਣ ਮਗਰੋਂ ਬਾਕੀ ਜ਼ਮੀਨ ਦੀ ਆਮਦਨੀ ਨਾਲ ਕੁਝ ਧਨ ਜਮਾ ਕਰਦਾ

ਹੈ ਜੋ ਉਸਦੀ ਮੌਤ ਮਗਰੋਂ ਪਤਾ ਲੱਗੇ ਤਾਂ ਉਸ ਵਿੱਚੋਂ ਵੀ ਹਿਸੱਾ ਵਸੀਯੱਤ ਅਦਾ ਹੋਣਾ ਚਾਹੀਦਾ ਹੈ ।"

5. "ਵਸੀਯੱਤ ਦੀ ਮੁਆਫ਼ੀ ਦਾ ਹੱਕ ਮੈਨੂੰ ਵੀ ਪ੍ਰਾਪਤ ਨਹੀਂ । ਇਹ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਬਣਾਇਆ ਹੋਇਆ ਕਾਨੂਨ ਹੈ ਅਤੇ ਇਲਾਹੀ ਹੁਕਮ ਨਾਲ ਹੀ ਸੀ । ਮੈਂ ਉਹਨਾਂ ਚੰਦਿਆਂ (ਦਾਨ) ਨੂੰ ਮੁਆਫ਼ ਕਰ ਸਕਦਾ ਹਾਂ ਜਾਂ ਕਰ ਦਿੰਦਾ ਹਾਂ ਜੋ ਮੇਰੇ ਵੱਲੋਂ ਲਾਏ ਗਏ ਹਨ ਜਾਂ ਵਧਾਏ ਗਏ ਹਨ ।" (15-3-38 )

6. ਵਸੀਯੱਤ ਬਾਰੇ ਮੇਰੇ ਵਿਚਾਰ ਬਹੁਤ ਕਰੜੇ ਹਨ ਇਸ ਬਾਰੇ ਪਹਿਲਾਂ ਜੋ ਕੁਝ ਹੁੰਦਾ ਰਿਹਾ ਹੈ ਉਸ ਉਪੱਰ ਅਮਲ ਕੀਤਾ ਜਾਵੇ ਪਰ ਮੇਰੇ ਵਿਚਾਰ ਅਨੁਸਾਰ ਵਸੀਯੱਤ ਮੌਤ ਸਮੇਂ ਕਰਨਾ ਉਚਿਤ ਨਹੀਂ । ਕਿਉਂਕਿ ਉਸ ਸਮੇਂ ਮਨੁੱਖ ਭਾਵੇਂ ਕਿਸੇ ਧਰਮ ਦਾ ਹੋਵੇ ਮੌਤ ਨੂੰ ਨੇੜੇ ਸਮਝ ਕੇ ਮਾਲ ਦੀ ਕੁਰਬਾਨੀ ਕਰਨ ਲਈ ਤਿਆਰ ਹੁੰਦਾ ਹੈ ।

ਦੂਜਾ :- ਇਸ ਤੋਂ ਇਹ ਹਾਣ ਹੁੰਦਾ ਹੈ ਕਿ ਇਕ ਵਿਅਕਤੀ ਜੋ ਢਾਈ ਤਿੰਨ ਸੌ ਰੁਪਏ ਵੇਤਨ ਪਾਉਂਦਾ ਰਹਿੰਦਾ ਹੈ ਅਤੇ ਧਰਮ ਦੀ ਸੇਵਾ ਤੋਂ ਗ਼ਾਫ਼ਲ ਅਤੇ ਉਸ ਦੀ ਕੋਈ ਜਾਇਦਾਦ ਨਹੀਂ ਹੁੰਦੀ ਉਹ ਅਜਿਹੇ ਸਮੇਂ ਵਸੀਯੱਤ ਕਰਕੇ ਵਸੀਯੱਤ ਦੇ ਅਸਲ ਉਦੇਸ਼ ਦੇ ਖ਼ਿਲਾਫ਼ ਅਮਲ ਕਰਕੇ ਵਸੀਯੱਤ ਕਰਨ ਵਾਲਿਆਂ ਵਿੱਚ ਰਲ ਜਾਂਦਾ ਹੈ ।

ਮੇਰੇ ਵਿਚਾਰ ਅਨੁਸਾਰ ਇਹ ਵੀ ਦੇਖਣਾ ਜ਼ਰੂਰੀ ਹੈ ਕਿ ਇਕ ਵਿਅਕਤੀ ਦਾ ਗੁਜ਼ਾਰਾ ਉਸ ਦੀ ਜਾਇਦਾਦ ਉਪੱਰ ਹੈ ਜਾਂ ਉਸ ਦੇ ਵੇਤਨ ਉਪੱਰ । ਜੇਕਰ ਅਸਲ ਚੀਜ਼ ਉਸ ਦਾ ਵੇਤਨ ਹੈ ਤਾਂ ਉਸ ਉਪੱਰ ਵਸੀਯੱਤ ਹੋਣੀ ਚਾਹੀਦੀ ਹੈ ਨਹੀਂ ਤਾਂ ਐਵੇਂ ਹੀ ਹਾਸਾ ਜਿਹਾ ਬਣ ਜਾਵੇਗਾ । ਇਸੇ ਪ੍ਰਕਾਰ ਮੇਰੇ ਵਿਚਾਰ ਅਨੁਸਾਰ ਇਹ ਵੀ ਦੇਖਣਾ ਜ਼ਰੂਰੀ ਹੈ ਕਿ ਉਹ ਵਿਅਕਤੀ ਪ੍ਰਕਟ ਰੂਪ ਵਿੱਚ ਸ਼ਰੀਅਤ ਦੇ ਕਿਸੇ ਪੱਖ ਨੂੰ ਤੋੜਦਾ ਤਾਂ ਨਹੀਂ । ਪ੍ਰਕਟ ਦੀ ਸ਼ਰਤ ਇਸ ਲਈ ਹੈ ਕਿ ਦਿਲਾਂ ਦਾ ਹਾਲ ਤਾਂ ਰੱਬ ਹੀ ਜਾਣਦਾ ਹੈ । ਸੋ, ਮੇਰੇ ਵਿਚਾਰ

ਅਨੁਸਾਰ ਜੋ ਦਾੜ੍ਹੀ ਮੁਨ੍ਹਦਾ ਹੈ ਉਸਦੀ ਵੀ ਵਸੀਯੱਤ ਜਾਇਜ਼ ਨਹੀਂ ਕਿਉਂਕਿ ਸ਼ਿਆਰੇ ਇਸਲਾਮ ਦੀ ਹਤੱਕ ਕਰਨ ਵਾਲਾ ਹੈ ।''

(ਮਨਕੂਲ : ਅਖ਼ਬਾਰ ਅਲਫ਼ਜ਼ਲ ਨੰ. 45 ਜਿਲਦ 7, ਦਿਨਾਂਕ 8 ਦਸੰਬਰ 1919 ਈ. )

## ਰੈਜ਼ੂਲਿਊਸ਼ਨ ਨੰਬਰ 280, ਫ਼ੈਸਲਾ ਮਜਲਿਸ ਮਸ਼ਾਵਰਤ ਸੰਨ 1935 ਈ. ਹਿਸੱਾ ਆਮਦ ਦੀ ਅਦਾਇਗੀ ਬਾਰੇ

ਰੈਜ਼ੂਲਿਊਸ਼ਨ ਨੰਬਰ 280/3-7-35 ਰਿਪੋਰਟ ਨਾਜ਼ਿਰ ਸਾਹਬ ਬੈਤੁਲ ਮਾਲ ਕਿ ਰੈਜ਼ੂਲਿਊਸ਼ਨ ਨੰਬਰ 142/12-06-35 ਦੀ ਪੈਰ੍ਹਵੀ ਵਿੱਚ ਹੇਠ ਲਿਖੇ ਫ਼ੈਸਲੇ ਜੋ ਬੀਤੀ ਮੁਸ਼ਾਵਰਤ ਵਿੱਚ ਹੋਏ ਪੇਸ਼ ਕਰਦਾ ਹਾਂ ।

# ਆਮਦ ਦੀ ਪ੍ਰੀਭਾਸ਼ਾ

ਹਰ ਪ੍ਰਕਾਰ ਦਾ ਸਰਮਾਇਆ, ਭਾਵੇਂ ਜ਼ਮੀਨ, ਮਕਾਨ, ਮਸ਼ੀਨਰੀ, ਰੁਪਏ ਜਾਂ ਜ਼ਾਤੀ ਹੁਨਰ ਦੀ ਸੂਰਤ ਵਿੱਚ ਹੋਵੇ, ਜਿਸ ਤੋਂ ਜੋ ਆਮਦਨੀ ਪ੍ਰਾਪਤ ਕੀਤੀ ਜਾ ਸਕੇ ਉਸ ਉਪੱਰ ਚੰਦਾ ਵਾਜਬ ਹੋਵੇਗਾ । ਇਸੇ ਪ੍ਰਕਾਰ ਪੁਰਸਕਾਰ ਜਾਂ ਵਜ਼ੀਫੇ ਜਾਂ ਗ਼ੁਜ਼ਾਰੇ ਲਈ ਨਕਦੀ ਦੇ ਰੂਪ ਵਿੱਚ ਪ੍ਰਾਪਤ ਹੋਵੇ ਉਸ ਉਪੱਰ ਚੰਦਾ ਵਾਜਬ ਹੋਵੇਗਾ । ਪਰ, ਜੋ ਧਨ ਵਿਰਸੇ ਵਿੱਚ ਮੂਲਧਨ ਦੇ ਰੂਪ ਵਿੱਚ ਮਿਲੇ ਉਸਨੂੰ ਸਰਮਾਇਆ ਸਮਝਿਆ ਜਾਵੇਗਾ ਨ ਕਿ ਆਮਦਨ । ਇਸ ਆਮਦ ਵਿੱਚੋਂ ਹੇਠ ਲਿਖੇ ਖਰਚੇ ਕੱਢ ਦਿੱਤੇ ਜਾਣਗੇ ।

ਸਰਕਾਰੀ ਟੈਕਸ ਉਦਾਹਰਣ ਵੱਜੋਂ ਰੈਵੱਨੀਉ, ਲੋਕਲ ਰੇਟ, ਕੈਂਪ ਅਲਾਉਂਸ, ਵੱਖ ਹੋਣਦਾ ਅਲਾਉਸ, ਅਲਾਉਸ ਲਕੜ ਤੇ ਕੋਲਾ ਅਤੇ ਯਾਤਰਾ ਦੇ ਖਰਚੇ ਭਾਵ ਉਹ ਖਰਚੇ ਜੋ ਆਮਦ ਪ੍ਰਾਪਤ ਕਰਨ ਲਈ ਕੀਤੇ ਜਾਣਗੇ ਉਦਾਹਰਣ ਵੱਜੋਂ ਜ਼ਮੀਂਦਾਰਾ (ਖੇਤੀ ਬਾੜੀ ) ਦੀ ਆਮਦਨੀ ਵਿੱਚੋਂ ਸਰਕਾਰੀ ਮਾਮਲੇ ਕਢੱਣ ਤੋਂ ਬਿਨਾਂ ਖੇਤੀ ਵਿੱਚ ਸਹਾਇਕਾਂ (ਮਜ਼ਦੂਰਾਂ) ਆਦਿ ਦੀ ਫੀਸ

ਜੋ ਦਿੱਤੀ ਜਾਂਦੀ ਹੈ, ਉਹ ਵੀ ਘਟਾ ਦਿੱਤੀ ਜਾਵੇਗੀ । ਜਮੀਂਦਾਰਾ ਖਰਚੇ ਵਿੱਚੋਂ ਵਿੱਚੋਂ ਬੀਜ ਦਾ ਖਰਚਾ ਆਮਦਨੀ ਵਿੱਚੋਂ ਘਟਾਇਆ ਨਹੀਂ ਜਾਵੇਗਾ । ਇਹਨਾਂ ਖਰਚਿਆਂ ਤੋਂ ਬਿਨਾਂ ਹਰ ਪ੍ਰਕਾਰ ਦੀ ਆਮਦਨੀ ਲਿਖਤੀ ਬਜਟ ਫ਼ਾਰਮ ਦੀ ਥਾਂ ਉਧਾਹਰਣ ਵੱਜੋਂ ਖ਼ਾਨਾ ਨੰਬਰ 6 ਮੁਲਾਜ਼ਮਤ ਹੇਠਾਂ ਮਿਹਨਤਾਨਾ, ਪ੍ਰਸਨਲ ਅਲਾਉਂਸ, ਐਕਟਿੰਗ ਅਲਾਉਂਸ, ਅਲਾਉਂਸ ਅਤੇ ਪੁਰਸਕਾਰ, ਵਜ਼ੀਫ਼ਾ ਤੇ ਨਕਦੀ ਗ਼ੁਜ਼ਾਰਾ ਆਦਿ ਸਬ ਦਰਜ ਹੋਣੇ ਚਾਹੀਦੇ ਹਨ । ਇਸੇ ਪ੍ਰਕਾਰ ਪ੍ਰਾਵੀਡੈਂਟ ਫ਼ੰਡ ਦੀ ਰਕਮ ਤਨਖ਼ਵਾਹ ਵਿੱਚੋਂ ਕੱਢੀ ਨਹੀਂ ਜਾਵੇਗੀ ਸਗੋਂ ਪੂਰੀ ਤਨਖ਼ਵਾਹ ਬਿਨਾਂ ਪ੍ਰਾਵੀਡੈਂਟ ਕੱਢਿਆਂ ਆਮਦਨੀ ਵਿੱਚ ਦਰਸਾਈ ਜਾਵੇਗੀ ।

# ਵਸੀਯੱਤ ਲਿਖੱਣ ਬਾਰੇ ਇਕ ਜ਼ਰੂਰੀ ਨਿਰਦੇਸ਼

ਵਸੀਯੱਤ ਕਰਤਾ ਨੂੰ ਅਖ਼ਤਿਆਰ ਹੈ ਕਿ ਉਹ ਆਪਣੀ ਵਸੀਯੱਤ ਬਾਰੇ ਇਹ ਲਿਖੱਣ ਕਿ ਉਹ ਮੰਜ਼ੂਰੀ ਮਗਰੋਂ ਲਾਗੂ ਹੋਵੇਗੀ ਜਾਂ ਲਿਖੱਣ ਦੀ ਮਿਤੀ ਤੋਂ ।

ਪਹਿਲੀ ਵਰਣਿਤ ਅਵਸਥਾ ਵਿੱਚ ਆਮਦਨ ਦੇ ਹਿੱਸੇ ਦੀ ਅਦਾਇਗੀ ਮੰਜ਼ੂਰੀ ਮਗਰੋਂ ਹੀ ਵਾਜਬ ਹੋਵੇਗੀ ਪਰ ਜੇਕਰ ਮੂਸੀ (ਵਸੀਯੱਤ ਕਰਤਾ) ਵਸੀਯੱਤ ਦੀ ਮੰਜ਼ੂਰੀ ਤੋਂ ਪਹਿਲਾਂ ਹੀ ਮੌਤ ਹੋ ਜਾਵੇ ਤਾਂ ਵਸੀਯੱਤ ਆਪਣੇ ਆਪ ਹੀ ਦਾਖ਼ਲ ਦਫ਼ਤਰ ਹੋ ਜਾਵੇਗੀ । ਕਿਉਂਕਿ ਵਸੀਯੱਤ ਕਰਤਾ ਨੇ ਵਸੀਯੱਤ ਦੀ ਮੰਜ਼ੂਰੀ ਤੋਂ ਪਹਿਲਾਂ ਵਸੀਯੱਤ ਦੇ ਲਾਗੂ ਹੋਣ ਦਾ ਨਿਸ਼ਚਾ ਹੀ ਨਹੀਂ ਕੀਤਾ ਸੀ ।

ਦੂਜੀ ਵਰਣਿਤ ਅਵਸਥਾ ਵਿੱਚ ਹਿੱਸਾ ਆਮਦਨੀ ਦੀ ਅਦਾਇਗੀ ਵਸੀਯੱਤ ਲਿਖੱਣ ਦੇ ਨਾਲ ਹੀ ਵਾਜਬ ਹੋ ਜਾਵੇਗੀ ਅਤੇ ਮੂਸੀ ਦਾ ਫ਼ਰਜ਼ ਹੋਵੇਗਾ ਕਿ ਵਸੀਯੱਤ ਲਿਖੱਣ ਦੇ ਨਾਲ ਹੀ ਹਿੱਸਾ ਆਮਦਨੀ ਦੀ ਅਦਾਇਗੀ ਸ਼ੁਰੂ ਕਰ ਦੇਵੇ, ਜੇਕਰ ਮਗਰੋਂ ਕਿਸੇ ਕਾਰਨ ਕਰਕੇ ਉਹ ਵਸੀਯੱਤ ਮੰਜ਼ੂਰ ਨ ਹੋਵੇ ਤਾਂ ਉਹ ਰਕਮ ਜੋ ਹਿੱਸਾ ਆਮਦਨ ਅਤੇ ਚੰਦਾ ਆਮ ਦਾ ਅੰਤਰ ਹੋਵੇਗੀ ਉਹ ਮੂਸੀ ਨੂੰ ਜਾਂ ਉਸਦੇ ਵਾਰਸਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ ।

# ਵਸੀਯੱਤ ਕਰਤਾ ਲਈ ਲੇਖਣੀ ਨੰਬਰ 1

## ਉਹਨਾਂ ਲੋਕਾਂ ਲਈ ਜਿੰਨ੍ਹਾ ਦਾ ਗੁਜ਼ਾਰਾ ਕੇਵਲ ਆਮਦਨੀ ਉਪੱਰ ਹੈ

ਮੇਰੀ ਜਾਇਦਾਦ ਇਸ ਸਮੇਂ ਕੋਈ ਨਹੀਂ । ਮੇਰਾ ਗੁਜ਼ਾਰਾ ਮਾਸਕ ਆਮਦਨੀ ਉਪੱਰ ਹੈ । ਜੋ ਇਸ ਸਮੇਂ ਮੁਬਲਗ਼ (ਕੁਲ) ..... ਰੁਪਏ ਹੈ । ਵਿਦਿਆਰਥੀ/ਅਵਿਵਾਹਿਤ ਇਸਤਰੀਆਂ ਇਸ ਦੀ ਥਾਂ ਇਹ ਵਾਕ ਲਿਖੱਣ, ਮੈਂਨੂੰ ਇਸ ਸਮੇਂ ਮੁਬਲਗ਼ (ਕੁਲ) ...... ਰੁਪਏ ਪਿਤਾ/ਸਰਪਰਸਤ ਵੱਲੋਂ ਜੇਬ ਖ਼ਰਚੇ ਦੇ ਰੂਪ ਵਿੱਚ ਮਿਲਦੇ ਹਨ । ਮੈਂ ਜੀਵਨ ਭਰ ਆਪਣੀ ਮਾਸਕ ਆਮਦਨ ਦਾ (ਜੋ ਵੀ ਹੋਵੇਗੀ) 1/. ਹਿੱਸਾ ਦਾਖ਼ਲ ਖ਼ਜ਼ਾਨਾ ਸਦਰ ਅੰਜੁਮਨ ਅਹਮਦੀਆ ਕਾਦੀਆਂ ਭਾਰਤ ਕਰਦਾ ਰਹਾਂਗਾ/ਕਰਦੀ ਰਹਾਂਗੀ । ਅਤੇ ਜੇਕਰ ਕੋਈ ਜਾਇਦਾਦ ਇਸ ਦੇ ਮਗਰੋਂ ਪੈਦਾ ਕਰਾਂ ਤਾਂ ਉਸਦੀ ਸੂਚਨਾ ਮਜਲਿਸ ਕਾਰਪਰਦਾਜ਼ ਨੂੰ ਦੇਂਦਾ ਰਹਾਂਗਾ/ਦੇਂਦੀ ਰਹਾਂਗੀ । ਇਸੇ ਪ੍ਰਕਾਰ ਮੇਰੇ ਮਰਨ ਮਗਰੋਂ ਮੇਰਾ ਜਿੰਨ੍ਹਾ ਵੀ ਤਰਕਾ ਸਾਬਤ ਹੋਵੇ ਉਸਦੇ 1/. ਦੀ ਮਾਲਕ ਸਦਰ ਅੰਜੁਮਨ ਅਹਮਦੀਆ ਕਾਦੀਆਂ ਭਾਰਤ ਹੋਵੇਗੀ । ਮੇਰੀ ਇਹ ਵਸੀਯੱਤ ਲਿਖੱਣ ਦੀ ਮਿਤੀ/ਮੰਜ਼ੂਰੀ ਦੀ ਮਿਤੀ ਤੋਂ ਲਾਗੂ ਕੀਤੀ ਜਾਵੇ ।

| ਗਵਾਹ | ਵਸੀਯੱਤ ਕਰਤਾ | ਗਵਾਹ |
|---|---|---|
| ਹਸਤਾਖਰ | ਹਸਤਾਖਰ | ਹਸਤਾਖਰ |
| ਨਿਸ਼ਾਨ ਅੰਗੂਠਾ | ਨਿਸ਼ਾਨ ਅੰਗੂਠਾ | ਨਿਸ਼ਾਨ ਅੰਗੂਠਾ |
| ਨਾਂ ......... | ਨਾਂ........... | ਨਾਂ......... |
| ਪੁਤੱਰ ......... | ਪੁਤੱਰ......... | ਪੁਤੱਰ............ |
| ਪਤਾ ......... | ਪਤਾ............ | ਪਤਾ............ |
| ............... | ............... | ................. |
| ................ | ............... | ................. |
| ਮਿਤੀ........... | ਮਿਤੀ.............. | ਮਿਤੀ............ |

# ਵਸੀਯੱਤ ਕਰਤਾ ਲਈ ਲੇਖਣੀ ਨੰਬਰ 2

## ਉਨ੍ਹਾਂ ਲੋਕਾਂ ਲਈ ਜਿੰਨ੍ਹਾ ਦਾ ਗੁਜ਼ਾਰਾ ਕੇਵਲ ਜਇਦਾਦ ਦੀ ਆਮਦਨ ਉਪੱਰ ਹੈ

ਮੈਂ ਵਸੀਯੱਤ ਕਰਦਾ ਹਾਂ/ਕਰਦੀ ਹਾਂ ਕਿ ਮੇਰੀ ਮੌਤ ਮਗਰੋਂ ਕੁਲ ਛੱਡੀ ਹੋਈ ਚਲ ਤੇ ਅਚਲ ਜਾਇਦਾਦ ਦੀ 1/. ਦੀ ਮਾਲਕ ਸਦਰ ਅੰਜੁਮਨ ਅਹਮਦੀਆ ਕਾਦੀਆਂ ਭਾਰਤ ਹੋਵੇਗੀ । ਇਸ ਸਮੇਂ ਮੇਰੀ ਕੁਲ ਚਲ ਤੇ ਅਚਲ ਜਾਇਦਾਦ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ, ਜਿਸ ਦਾ ਵਰਤਮਾਨ ਮੁੱਲ ਦਰਜ ਕਰ ਦਿਤੱਾ ਗਿਆ ਹੈ ।

..............................................

....................................................

.........................................

ਇਸ ਪ੍ਰਕਾਰ ਮੇਰੀ ਜਾਇਦਾਦ ਰਾਹੀਂ ਮਾਸਕ/ਸਲਾਨਾ ਆਮਦਨ ਮਬਲਗ....... ਉਪਏ ਹੈ । ਮੈਂ ਇਕਰਾਰ ਕਰਦਾ ਹਾਂ/ ਕਰਦੀ ਹਾਂ ਕਿ ਜਾਇਦਾਦ ਦੀ ਆਮਦਨ ਉਪੱਰ ਹਿਸੱਾ ਆਮਦ ਚੰਦਾ ਆਮ ਦੀ ਦਰ ਨਾਲ ਜੀਵਨ ਭਰ ਨਿਯਮ ਅਨੁਸਾਰ ਸਦਰ ਅੰਜੁਮਨ ਅਹਮਦੀਆ ਕਾਦੀਆਂ ਭਾਰਤ ਨੂੰ ਅਦਾ ਕਰਦਾ ਰਹਾਂਗਾ/ਕਰਦੀ ਰਹਾਂਗੀ । ਮੇਰੀ ਵਸੀਯੱਤ ਲਿਖੱਣ ਦੀ ਮਿਤੀ ./. ਮੰਜ਼ੂਰੀ ਦੀ ਮਿਤੀ ਤੋਂ ਲਾਗੂ ਕੀਤੀ ਜਾਵੇ ।

| | | |
|---|---|---|
| ਗਵਾਹ | ਵਸੀਯੱਤ ਕਰਤਾ | ਗਵਾਹ |
| ਹਸਤਾਖਰ | ਹਸਤਰਖਰ | ਹਸਤਾਖਰ |
| ਨਿਸ਼ਾਨ ਅੰਗੂਠਾ | ਨਿਸ਼ਾਨ ਅੰਗੂਠਾ | ਨਿਸ਼ਾਨ ਅੰਗੂਠਾ |
| ਨਾਂ................ | ਨਾਂ................ | ਨਾਂ.............. |
| ਪੁਤੱਰ............ | ਪੁਤੱਰ............ | ਪੁਤੱਰ............ |
| ਪਤਾ............. | ਪਤਾ............ | ਪਤਾ............ |
| .......... | ................ | ................ |
| ਮਿਤੀ............ | ਮਿਤੀ......... | ਮਿਤੀ.............. |

**ਨੋਟ** :- (1) ਜ਼ਮੀਨ ਜਾਂ ਮਕਾਨ ਦੀ ਅਵਸਥਾ ਵਿੱਚ ਉਸਦੀ ਥਾਂ, ਖੇਤਰ ਤੇ ਰਕਬਾ ਅਤੇ ਅਨੁਮਾਨਤ ਮੁੱਲ ਲਿੱਖਿਆ ਜਾਵੇ ਅਤੇ ਜੇਕਰ ਜਾਇਦਾਦ ਤੋਂ ਕੋਈ ਆਮਦ ਹੋਵੇ ਤਾਂ ਨਿਰਧਾਰਤ ਕੀਤੀ ਜਾਵੇ ।

(2) ਇਸਤਰੀਆਂ ਦਾ ਮਹਿਰ ਉਹਨਾਂ ਦੀ ਜਾਇਦਾਦ ਵਿੱਚ ਸ਼ਾਮਲ ਹੈ ਅਤੇ ਵਸੀਯੱਤ ਵਿੱਚ ਉਸਦਾ ਵਰਨਣ ਹੋਣਾ ਜ਼ਰੂਰੀ ਹੈ ਕਿ ਕਿੰਨ੍ਹਾ ਹੈ ਅਤੇ ਵਸੂਲ ਹੋ ਚੁਕਿਆ ਹੈ ਜਾਂ ਅਜੇ ਉਸ ਦੇ ਪਤੀ ਦੇ ਜ਼ਿੰਮੇ ਅਦਾ ਕਰਨਾ ਬਾਕੀ ਹੈ । ਜੇਕਰ ਦੇਣਾ ਬਾਕੀ ਹੈ ਤਾਂ ਪਤੀ ਨੂੰ ਆਪਣੇ ਵੱਲੋਂ ਇਹ ਲਿਖੱਕੇ ਵਸੀਯੱਤ ਨਾਲ ਲਾਉਣਾ ਚਾਹੀਦਾ ਹੈ ਕਿ ਮਹਿਰ ਦੀ ਇੰਨ੍ਹੀ ਰਕਮ ਮੇਰੇ ਉਪੱਰ ਦੇਣੀ ਬਣਦੀ ਹੈ। ਮੈਂ ਇਸਦਾ ਹਿਸੱਾ ਵਸੀਯੱਤ ਖ਼ਜ਼ਾਨਾ ਸਦਰ ਅੰਜੁਮਨ ਅਹਮਦੀਆ ਕਾਦੀਆਂ ਭਾਰਤ ਨੂੰ ਅਦਾ ਕਰਨ ਦਾ ਜ਼ਿੰਮੇਵਾਰ ਹਾਂ ।

(3) ਆਭੂਸ਼ਣ (ਜ਼ੇਵਰ) ਜੋ ਵਸੀਯੱਤ ਵਿੱਚ ਪੇਸ਼ ਕੀਤੇ ਜਾਣ, ਉਹਨਾਂ ਦਾ ਵਿਵਰਣ, ਭਾਰ ਅਤੇ ਵਰਤਮਾਨ ਮੁੱਲ ਲਿਖੇ ਜਾਣ ।

(4) ਪਤੀ ਦੀ ਮਾਸਕ ਆਮਦਨ ਦਾ ਵਰਨਣ ਕੀਤਾ ਜਾਵੇ । ਇਸ ਪ੍ਰਕਾਰ ਇਹ ਵੀ ਕਿ ਉਹ ਮੂਸੀ ਹਨ ਜਾਂ ਨਹੀਂ । ਮੂਸੀ ਹੋਣ ਤਾਂ ਉਹਨਾਂ ਦਾ ਵਸੀਯੱਤ ਨੰਬਰ......... ।

# ਵਸੀਯੱਤ ਕਰਤਾ ਲਈ ਲੇਖਣੀ ਨੰਬਰ 3

## (ਉਹਨਾਂ ਲੋਕਾਂ ਲਈ ਜਿੰਨ੍ਹਾ ਦਾ ਗ਼ੁਜ਼ਾਰਾ ਜਾਇਦਾਦ ਦੀ ਆਮਦਨ ਅਤੇ ਮਾਸਕ ਆਮਦਨ ਉਪੱਰ ਹੈ।)

ਮੈਂ ਵਸੀਯੱਤ ਕਰਦਾ ਹਾਂ/ਕਰਦੀ ਹਾਂ ਕਿ ਮੇਰੀ ਮੌਤ'ਤੇ ਮੇਰੀ ਕੁਲ ਛੱਡੀ ਹੋਈ ਚਲ ਅਤੇ ਅਚਲ ਜਾਇਦਾਦ ਦੇ 1/. ਦੀ ਮਾਲਕ ਸਦਰ ਅੰਜੁਮਨ ਅਹਮਦੀਆ ਕਾਦੀਆਂ ਭਾਰਤ ਹੋਵੇਗੀ । ਇਸ ਸਮੇਂ ਮੇਰੀ ਕੁਲ ਚਲ ਅਤੇ

ਅਚਲ ਜਾਇਦਾਦ ਹੇਠ ਲਿਖੇ ਅਨੁਸਾਰ ਹੈ । ਜਿਸ ਦਾ ਵਰਤਮਾਨ ਮੁੱਲ ਦਰਜ ਕਰ ਦਿੱਤਾ ਗਿਆ ਹੈ ।

.....................................................

.....................................................

ਮੇਰਾ ਗੁਜ਼ਾਰਾ ਜਾਇਦਾਦ ਦੀ ਆਮਦਨ ਅਤੇ ਮਾਸਕ ਅਮਦਨ ਉਪੱਰ ਹੈ ।

1. ਜਇਦਾਦ ਦੀ ਸਲਾਨਾ ਆਮਦਨ ਮੁਬਲਗ਼............ਰੁਪਏ ਹੈ ।

2. ਮਾਸਕ ਆਮਦ/ਸਲਾਨਾ ਮੁਬਲਗ਼... ਰੁਪਏ ਹੈ ਜੋ ਮੁਲਾਜ਼ਤ/ਵਪਾਰ ਆਦਿ ਤੋਂ ਹੈ ।

ਮੈਂ ਵਚਨ ਕਰਦਾ ਹਾਂ/ਕਰਦੀ ਹਾਂ ਕਿ ਜਾਇਦਾਦ ਦੀ ਆਮਦ'ਤੇ ਚੰਦਾ ਆਮ ਦੀ ਸ਼ਰਹ (ਦਰ) ਅਨੁਸਾਰ 1/16 ਅਤੇ ਮਾਸਕ ਆਮਦਨ ਉਪੱਰ 1/. ਹਿਸੱਾ ਜੀਵਨ ਭਰ ਨਿਯਮ ਅਨੁਸਾਰ ਸਦਰ ਅੰਜੁਮਨ ਅਹਮਦੀਆ ਕਾਦੀਆਂ ਭਾਰਤ ਨੂੰ ਦੇਂਦਾ ਰਹਾਂਗਾ/ਦੇਂਦੀ ਰਹਾਂਗੀ। ਮੇਰੀ ਇਹ ਵਸੀਯੱਤ ਲਿਖੱਣ ਦੀ ਮਿਤੀ /ਮੰਜ਼ੂਰੀ ਦੀ ਮਿਤੀ ਤੋਂ ਲਾਗੂ ਕੀਤੀ ਜਾਵੇ ।

| | | |
|---|---|---|
| ਗਵਾਹ | ਵਸੀਯੱਤ ਕਰਤਾ | ਗਵਾਹ |
| ਹਸਤਾਖਰ | ਹਸਤਾਖਰ | ਹਸਤਾਖਰ |
| ਨਿਸ਼ਾਨ ਅੰਗੂਠਾ | ਨਿਸ਼ਾਨ ਅੰਗੂਠਾ | ਨਿਸ਼ਾਨ ਅੰਗੂਠਾ |
| ਪੁਤੱਰ............ | ਪੁਤੱਰ............ | ਪੁਤੱਰ............ |
| ਪਤਾ.............. | ਪਤਾ............ | ਪਤਾ............ |
| ................ | ................ | ................ |
| ................ | ................ | ................ |
| ਮਿਤੀ.......... | ਮਿਤੀ......... | ਮਿਤੀ............ |

ਨੋਟ :- ਇਸ ਵਸੀਯੱਤ ਵਿੱਚ ਵੀ ਉਹ ਚਾਰੇ ਨੋਟ ਸਮੁੱਖ ਰੱਖੇ ਜਾਣ, ਜੋ ਲੇਖਣੀ ਵਸੀਯੱਤ ਨੰਬਰ 2 ਵਿੱਚ ਲਿਖੇ ਗਏ ਹਨ ।

# ਚੰਦਾ ਸ਼ਰਤ ਅਵੱਲ ਅਤੇ ਵਸੀਯੱਤ ਦੀ ਘੋਸ਼ਣਾ

ਚੰਦਾ ਸ਼ਰਤ ਅਵੱਲ ਅਤੇ ਵਸੀਯੱਤ ਦੀ ਘੋਸ਼ਣਾ ਜੋ ਹਰ ਨਵੀਂ ਵਸੀਯੱਤ ਕਰਨ ਵਾਲੇ ਦੇ ਨਾਲ ਹੀ ਵਸੀਯੱਤ ਕਰਤਾ ਵੱਲੋਂ ਲਿਆ ਜਾਂਦਾ ਹੈ ਉਸ ਦੀ ਵਸੂਲੀ ਅਤੇ ਖ਼ਜ਼ਾਨਾ ਸਦਰ ਅੰਜੁਮਨ ਅਹਮਦੀਆ ਕਾਦੀਆਂ ਭਾਰਤ ਵਿੱਚ ਵਸੀਯੱਤ ਦਾਖ਼ਲ ਕਰਨ ਦੇ ਨਾਲ ਹੀ ਤੁਰੰਤ ਹੋ ਜਾਣਾ ਲਾਜ਼ਮੀ ਹੈ । ਹਰ ਵਸੀਯੱਤ ਦੀ ਪੂਰਨਤਾ ਲਈ ਇਹਨਾਂ ਚੰਦਿਆਂ ਦੀ ਵਸੂਲੀ ਵੀ ਲਾਜ਼ਮੀ ਹੈ । ਇਹਨਾਂ ਚੰਦਿਆਂ ਦੀ ਵਸੂਲੀ ਤੋਂ ਬਿਨਾਂ ਨ ਕੋਈ ਵਸੀਯੱਤ ਸੰਪੂਰਨ ਹੈ ਅਤੇ ਨ ਹੀ ਉਸਦੀ ਮੰਜ਼ੂਰੀ ਲਈ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ । ਇਸ ਲਈ ਵਸੀਯੱਤ ਦੇ ਸੈਕ੍ਰੇਟਰੀ ਸਾਹਿਬਾਨ ਨੂੰ ਬਿਨਤੀ ਹੈ ਕਿ ਹਰ ਵਸੀਯੱਤ ਦੇ ਨਾਲ ਹੀ ਇਹ ਦੋਵੇ ਚੰਦੇ ਤੁਰੰਤ ਵਸੂਲ ਕਰਕੇ ਸੈਕ੍ਰੇਟਰੀ ਮਾਲ ਦੇ ਹਵਾਲੇ ਕਰ ਦੇਣ । ਸੈਕ੍ਰੇਟਰੀ ਮਾਲ ਸਾਹਿਬਾਨ ਝੱਟ ਇਹ ਦੋਵੇ ਚੰਦੇ ਜਿੱਥੋਂ ਤੱਕ ਛੇਤੀ ਹੋ ਸਕੇ ਬਿਨਾਂ ਦੇਰੀ ਕੀਤਿਆਂ ਖ਼ਜ਼ਾਨਾ (ਕੋਸ਼) ਸਦਰ ਅੰਜੁਮਨ ਅਹਮਦੀਆ ਕਾਦੀਆਂ ਭਾਰਤ ਵਿੱਚ ਦਾਖ਼ਲ ਕਰ ਦੇਣ, ਇਹ ਨਹੀਂ ਹੋਣਾ ਚਾਹੀਦਾ ਕਿ ਵਸੀਯੱਤ ਤਾਂ ਦਫ਼ਤਰ ਵਿੱਚ ਪਹੁੰਚ ਜਾਵੇ ਅਤੇ ਇਹ ਚੰਦਾ ਵਸੀਯੱਤ ਕਰਤਾ ਤੋਂ ਵਸੂਲ ਨ ਕੀਤਾ ਗਿਆ ਹੋਵੇ, ਜਾਂ ਉਹਨਾਂ ਤੋਂ ਵਸੂਲ ਤਾਂ ਹੋ ਗਏ ਹੋਣ ਪਰ ਸੈਕ੍ਰੇਟਰੀ ਸਾਹਿਬਾਨ ਦਾਖ਼ਲ ਖ਼ਜ਼ਾਨਾ ਕਰਨ ਵਿੱਚ ਬੇਲੋੜੀ ਦੇਰੀ ਕਰਨ । ਜੇਕਰ ਕੋਈ ਵਸੀਯੱਤ ਕਰਤਾ ਇਹ ਦੋਵੇ ਚੰਦੇ ਆਪਣੀ ਵਸੀਯੱਤ ਦੇ ਨਾਲ ਹੀ ਨਹੀਂ ਦੇਂਦਾ ਤਾਂ ਅਜਿਹੀ ਵਸੀਯੱਤ ਦਫ਼ਤਰ ਵਿੱਚ ਭੇਜਣ ਦਾ ਕੋਈ ਲਾਭ ਨਹੀਂ, ਕਿਉਂਕਿ ਉਸ ਉਪੱਰ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ ।

ਇਹ ਦਸ ਦੇਣਾ ਵੀ ਜ਼ਰੂਰੀ ਹੈ ਕਿ ਵਸੀਯੱਤ ਦੀ ਘੋਸ਼ਣਾ ਦਾ ਚੰਦਾ ਸਮੇਂ ਦੀ ਲੋੜ ਅਨੁਸਾਰ ਬਦਲਦਾ ਰਹਿੰਦਾ ਹੈ ।

ਚੰਦਾ ਸ਼ਰਤ ਅਵੱਲ ਬਾਰੇ ਸੈਕ੍ਰੇਟਰੀ ਸਾਹਿਬਾਨ ਵਸੀਯੱਤ ਇਸ ਗਲ ਨੂੰ ਹਮੇਸ਼ਾ ਚੇਤੇ ਰਖੱਣ ਕਿ ਰਸਾਲਾ ਅਲ ਵਸੀਯੱਤ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਸ ਦੀ ਕੋਈ ਸ਼ਰਹ (ਦਰ) ਨਿਰਧਾਰਤ ਨਹੀਂ ਕੀਤੀ,

ਸਗੋਂ ਵਸੀਯੱਤ ਕਰਤਾ'ਤੇ ਇਸ ਚੰਦੇ ਦੀ ਦੇਣਦਾਰੀ ਉਸਦੀ ਸਮਰਥਾ ਅਨੁਸਾਰ ਮਿੱਥੀ ਹੈ, ਤਾਂ ਜੋ ਅਜਿਹੇ ਧਨ ਨਾਲ ਰੱਖਿਆ ਅਤੇ ਸੁੰਦਰਤਾ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ । ਪਰ ਇਸਦਾ ਕਦੇ ਵੀ ਇਹ ਅਰਥ ਨਹੀਂ ਕਿ ਉਦਾਹਰਣ ਵੱਜੋਂ ਇਕ ਵਸੀਯੱਤ ਵਿੱਚ ਪੰਜ ਸੌ ਜਾਂ ਹਜ਼ਾਰ ਰੁਪਏ ਮਾਸਕ ਆਮਦਨੀ ਦਰਜ ਹੋਵੇ ਜਾਂ ਚਾਲ੍ਹੀ ਪੰਜਾਹ ਹਜ਼ਾਰ ਰੁਪਏ ਦੀ ਜਾਇਦਾਦ ਦਰਜ ਹੋਵੇ ਅਤੇ ਵਸੀਯੱਤ ਕਰਤਾ ਕੇਵਲ ਦੋ ਤਿੰਨ ਰੁਪਏ ਚੰਦਾ ਸ਼ਰਤ ਅਵੱਲ ਦੇ ਰੂਪ ਵਿੱਚ ਦੇਣ'ਤੇ ਸੰਤੁਸ਼ਟ ਹੋਵੇ । ਕਿਉਂਕਿ ਨ ਤਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਸ਼ਬਦ “ਸਮਰਥਾ (ਹੈਸੀਯਤ) ਅਨੁਸਾਰ ” ਦਾ ਇਹ ਅਰਥ ਹੈ ਅਤੇ ਨ ਹੀ ਬਹਿਸ਼ਤੀ ਮਕਬਰਾ ਦੀਆਂ ਲੋੜਾਂ ਅਜਿਹੀਆਂ ਛੋਟੀਆਂ ਛੋਟੀਆਂ ਰਕਮਾਂ ਤੋਂ ਪੂਰੀਆਂ ਹੋ ਸਕਦੀਆਂ ਹਨ । ਸਗੋਂ ਵਸੀਯੱਤ ਕਰਤਾ ਨੂੰ ਆਪਣੀ ਮਾਸਕ ਆਮਦਨ ਅਤੇ ਆਪਣੀ ਜਾਇਦਾਦ ਦੀ ਦਸ਼ਾ ਤੇ ਮਾਲੀ ਹਾਲਤ ਅਤੇ ਬਹਿਸ਼ਤੀ ਮਕਬਰਾ ਦੀਆਂ ਗ਼ਰਜ਼ਾਂ ਨੂੰ ਸਮੁੱਖ ਰਖੱਦਿਆਂ ਹੋਇਆਂ ਚੰਦਾ ਸ਼ਰਤ ਅਵੱਲ ਦੇਣਾ ਚਹੀਦਾ ਹੈ ।

ਸੈਕ੍ਰੇਟਰੀ ਮਾਲ ਅਤੇ ਸੈਕ੍ਰੇਟਰੀ ਵਸੀਯੱਤ ਨੂੰ ਵੀ ਇਸ ਚੰਦੇ ਦੀ ਵਸੂਲੀ ਇਹਨਾਂ ਗਲੱਾਂ ਨੂੰ ਸਾਹਮਣੇ ਰਖੱਦਿਆਂ ਹੋਇਆਂ ਕਰਨੀ ਚਾਹੀਦੀ ਹੈ । ਇਹ ਕੋਈ ਸਥਾਈ ਚੰਦਾ ਤਾਂ ਹੈ ਨਹੀਂ ਜੋ ਹਰ ਮਹੀਨੇ ਜਾਂ ਹਰ ਸਾਲ ਦੇਣਾ ਹੁੰਦਾ ਹੈ ਸਗੋਂ ਵਸੀਯੱਤ ਦੇ ਨਾਲ ਕੇਵਲ ਇਕ ਵਾਰ ਹੀ ਦੇਣਾ ਹੈ । ਇਸ ਲਈ ਹਰ ਵਸੀਯੱਤ ਕਰਤਾ ਨੂੰ ਸ਼ਰਤ ਅਵੱਲ ਦਾ ਚੰਦਾ ਦੇਂਦਿਆਂ ਸਮੇਂ ਇਹ ਗ਼ੌਰ ਕਰ ਲੈਣਾ ਚਾਹੀਦਾ ਹੈ ਕਿ ਕੀ ਉਸ ਵੱਲੋਂ ਦਿੱਤੀ ਗਈ ਰਕਮ ਉਸਦੀ ਆਪਣੀ ,,ਸਮਰਥਾ ਅਨੁਸਾਰ'' ਹੈ ? ਅਤੇ ਕੀ ਉਸਦਾ ਜ਼ਮੀਰ (ਅੰਤਰਆਤਮਾ) ਇਸ ਗਲ ਉਪੱਰ ਸੰਤੁਸ਼ਟ ਹੈ ਕਿ ਉਸ ਨੇ ਆਪਣੀ ਸਮਰਥਾ ਅਨੁਸਾਰ ਇਸ ਚੰਦੇ ਦੀ ਦੇਣਦਾਰੀ ਵਿੱਚ ਕੋਈ ਘਾਟ ਨਹੀਂ ਕੀਤੀ ਹੈ

**ਸੈਕ੍ਰੇਟਰੀ ਮਜਲਿਸ ਕਾਰਪਰਦਾਜ਼**